ੴ

ਮਾਸਕ ਪੱਤਰ

# ਸੂਰਾ

ਅੰਮ੍ਰਿਤਸਰ

ਅਕਤਬਰ ੧੯੮੩

OCTOBER 1983

## ਰੰਗਲੇ ਵੀਰ ਡਾ: ਸੁਰਿੰਦਰ ਸਿੰਘ ਜੀ



ਆਪ ਜੀ ੧੪ ਮਈ ੧੯੮੩ ਨੂੰ ਅਕਾਲ ਚਲਾਣਾ ਕਰ ਗਏ ।

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰ: ੧/੭੦-੬੮-੨੧ ਮਿਤੀ ੧੭-੧੦-੬੮ ਅ. ਪ. ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।

# ਤਤਕਰਾ

| | | |
|---|---|---|
| ਸਿਨੇਮੇ ਥੀਏਟਰ ਤੇ ਗੁਰਮਤਿ | ਭਾ: ਸਾ: ਭਾਈ ਰਣਧੀਰ ਸਿੰਘ ਜੀ | ੩ |
| ਸੱਚਾ ਹਸਬੈਂਡ ਤੇ ਝੂਠਾ ਹਸਬੈਂਡ | ,, ,, ,, | ੪ |
| ਸਚਖੰਡ ਧਰਤੀ ਤੇ ਵਸਾਇਆ ਰਾਮਦਾਸ ਪੁਰ (ਕਵਿਤਾ) | ਗਿਆਨੀ ਗੋਪਾਲ ਸਿੰਘ ਜੀ ਮਿੱਤਰ | ੯ |
| ਗੁਰਬਾਣੀ ਦੇ ਚਾਨਣ ਵਿਚ ਸਿਮਰਨ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ | ੧੦ |
| ਸਚਹੁ ਓਰੈ ਸਭੁ ਕੋ (ਭਾਗ ਦੂਜਾ) | ਪ੍ਰਿੰਸੀਪਲ ਗੁਰਮੁਖ ਸਿੰਘ ਜੀ | ੧੪ |
| ਜੋ ਗੁਰੁ ਕਹੈ ਸੋਈ ਭਲ ਮਾਨਹੁ | ਭਾਈ ਸਾਹਿਬ ਰਾਮ ਸਿੰਘ ਜੀ | ੨੧ |
| ਜੀਵਨ ਝਲਕੀਆਂ ਡਾਕਟਰ ਸੁਰਿੰਦਰ ਸਿੰਘ ਜੀ (੨) | — — — | ੨੫ |
| ਨਾਟਕ ਫਿਲਮਾਂ ਤੇ ਸਿਖ ਮੱਤ | 'ਸੂਰਾ' ਪਰਵਾਰ | ੩੦ |
| ਅਖੌਤੀ ਨਿਰੰਕਾਰੀਆਂ ਬਾਰੇ ਖੁਲ੍ਹੀ ਚਿੱਠੀ | ਗਿਆਨੀ ਊਧਮ ਸਿੰਘ ਜੀ | ੩੫ |
| ਇੰਦੌਰ ਵਿਚ ਗ: ਇਮਲੀ ਸਾਹਿਬ ਦੀ ਬੇਅਦਬੀ | ਰੋਜ਼ਾਨਾ ਅਜੀਤ | ੩੬ |
| ਸ੍ਰੀਮਤੀ ਇੰਦਰਾ ਗਾਂਧੀ ਤੇ ਫਿਰਕਾਪ੍ਰਸਤੀ ਦਾ ਦੋਸ਼? | ਹਮਦਰਦ | ੩੭ |
| ਸ਼ਹੀਦ ਬੀਬੀ ਧਰਮ ਕੌਰ ਜੀ | ਭਾਈ ਵਰਿਆਮ ਸਿੰਘ ਜੀ | ੩੮ |
| ਹਿਮਾਚਲ ਸਰਕਾਰ ਦੀ ਸਿਖ-ਦੁਸ਼ਮਣੀ | ਸੰਗਤ ਇਲਾਕਾ ਬੰਗਾ | ੪੦ |

ਸ੍ਰੀ ਗੁਰੂ ਨਾਨਕ ਦੇਵ ਜੀ ਜੋਤੀ ਜੋਤਿ ਸਮਾਏ ੨ ਅਕਤੂਬਰ ਸ੍ਰੀ ਗੁਰੂ ਰਾਮਦਾਸ ਜੀ ਅਵਤਾਰ ਧਾਰਿਆ ੨੩ ਅਕਤੂਬਰ
ਸ੍ਰੀ ਗੁਰੂ ਹਰਿਰਾਇ ਸਾਹਿਬ ਜੋਤੀ ਜੋਤਿ ਸਮਾਏ ੩੦ ਅਕਤੂਬਰ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਗੁਰਿਆਈ ਮਿਲੀ ੩੦ ਅਕਤੂਬਰ

## 'ਸੂਰਾ' ਦਾ ਵਿਸ਼ੇਸ਼ ਅੰਕ—"ਸਿਖ: ਇਕ ਵਖਰੀ ਕੌਮ"

ਸਿਖ: ਇਕ ਵਖਰੀ ਕੌਮ ਸੰਬੰਧੀ ਵਿਰੋਧੀਆਂ ਵਲੋਂ ਪਾਏ ਜਾ ਰਹੇ ਭੁਲੇਖਿਆਂ ਦਾ ਮੂੰਹ-ਤੋੜ ਉਤਰ ਦੇਣ ਲਈ ਸੂਰਾ ਦਾ ਆਉਂਦਾ ਪਰਚਾ ਉਪਰੋਕਤ ਵਿਸ਼ੇ ਬਾਰੇ ਇਕ ਵਿਸ਼ੇਸ਼ ਅੰਕ ਹੋਵੇਗਾ। ਇਸ ਵਿਸ਼ੇਸ਼ ਅੰਕ ਲਈ—

੧. 'ਕੌਮ' ਪਦ ਦੀ ਪਰਿਭਾਸ਼ਾ ਦੇ ਸੰਦਰਭ ਵਿਚ—ਖਾਲਸਾ ਜੀ, ੨. ਸਿਖ ਫਲਸਫਾ : ਵਿਲੱਖਣ ਤੇ ਸਰਬੋਤਮ, ੩. ਸਿਖ ਇਤਿਹਾਸ : ਇਕ ਸੰਪੂਰਨ ਕੌਮ ਦਾ ਇਤਿਹਾਸ, ੪. ਖਾਲਸਾ ਜੀ ਦੀਆਂ ਵਿਲੱਖਣ ਸਭਿਆਚਾਰਕ ਕੀਮਤਾਂ, ੫. ਸਿਖ ਇਨਕਲਾਬ : ਇਨਕਲਾਬੀ ਇਤਿਹਾਸ ਵਿਚ ਸਰਬੋਤਮ ਪ੍ਰਾਪਤੀ, ੬. ਜਬ ਲਗ ਖਾਲਸਾ ਰਹੇ ਨਿਆਰਾ, ੭. ਖਾਲਸਾ ਜੀ ਦੇ ਬੋਲ ਬਾਲੇ ਜੁਗੋ ਜੁਗ ਅਟੱਲ ਆਦਿ ਵਿਸ਼ਿਆਂ ਤੇ—ਵਿਦਵਾਨ ਲੇਖਕਾਂ ਪਾਸੋਂ ਉਚੇਚੇ ਤੌਰ ਤੇ ਖੋਜ ਭਰਪੂਰ ਲੇਖ ਲਿਖਵਾਏ ਗਏ ਹਨ। ਇਨ੍ਹਾਂ ਲੇਖਾਂ ਵਿਚ ਸਿਖ ਫਲਸਫੇ, ਸਿਖ ਇਤਿਹਾਸ ਤੇ ਸਿਖ ਮਰਯਾਦਾ ਦੇ ਪ੍ਰਸੰਗ ਵਿਚ ਖਾਲਸਾ ਜੀ ਦੀ ਵਿਲੱਖਣ ਹਸਤੀ ਦੇ ਤੱਥ ਨੂੰ ਦ੍ਰਿੜ੍ਹਾਉਣ ਤੇ ਰੁਸ਼ਨਾਉਣ ਲਈ ਸਰਬ-ਪੱਖੀ ਵਾਕਫੀ ਦਿਤੀ ਜਾ ਰਹੀ ਹੈ। ੧੦੦ ਦੇ ਕਰੀਬ ਸਫਿਆਂ ਵਾਲਾ ਇਹ ਅੰਕ ਆਪਣੇ ਆਪ ਵਿਚ ਇਕ ਬੇਮਿਸਾਲ ਤੇ ਵਡਮੁਲਾ ਸਾਂਭਣ ਵਾਲਾ ਅੰਕ ਹੋਵੇਗਾ।

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ; ਅੰਮ੍ਰਿਤਸਰ ਤੋਂ ੩.੧੦.੮੩ ਨੂੰ ਪ੍ਰਕਾਸ਼ਤ ਕੀਤਾ।

ਟੈਲੀਫੋਨ ਨੰਬਰ : ੫੧੮੪੭ ਘਰ ੪੩੦੬੪

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


# ਸੂਰਾ

ੴ ਵਾਹਿਗੁਰੂ ਜੀ ਕੀ ਫਤਹ

ਸ੍ਰੀ ਅੰਮ੍ਰਿਤਸਰ

ਮਾਸਕ ਪੱਤਰ

**ਸਾਲਾਨਾ ਚੰਦਾ**

| | |
|---|---|
| ਦੇਸ | ੧੫-੦੦ |
| ਇਕ ਪਰਚਾ | ੧-੫੦ |
| **ਪਰਦੇਸ** | |
| ਸਮੁੰਦਰੀ ਡਾਕ | ੩੦-੦੦ |
| **ਹਵਾਈ ਡਾਕ** | |
| ਅਰਬ, ਮਲਾਇਆ | ੪੫-੦੦ |
| ਯੂ. ਕੇ., ਅਫ਼ਰੀਕਾ | ੬੦-੦੦ |
| ਕੈਨੇਡਾ, ਅਮਰੀਕਾ | ੭੦-੦੦ |
| **ਅਮਾਨਤੀ ਲਾਈਫ਼ ਮੈਂਬਰ** | |
| ਦੇਸ | ੧੫੦-੦੦ |
| ਪਰਦੇਸ | ੩੦੦-੦੦ |
| **ਹਵਾਈ ਡਾਕ** | |
| ਯੂ. ਕੇ., ਅਫਰੀਕਾ | ੬੫੦-੦੦ |
| ਕੈਨੇਡਾ, ਅਮਰੀਕਾ | ੭੫੦-੦੦ |
| ਅਰਬ ਮਲਾਇਆ | ੫੦੦-੦੦ |

## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੧੭ ਅਕਤੂਬਰ ੧੯੮੩ ਅੰਕ ੧੦


# ਸਿਨੇਮੇ ਥੀਏਟਰ ਤੇ ਗੁਰਮਤਿ

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਅੱਜ ਕਲ੍ਹ ਦੇ ਸਿਨੇਮੇ ਥੀਏਟਰ ਨਵੀਨ ਫੈਸ਼ਨ ਦੀਆਂ ਰਾਸ-ਲੀਲ੍ਹਾਵਾਂ ਹਨ। ਬੜੇ ਬੜੇ ਪੜ੍ਹੇ ਹੋਏ ਤਾਲੀਮ-ਯਾਫਤਾ ਲੋਕ, ਜੋ ਆਪਣੇ ਆਪ ਨੂੰ ਬੜਾ ਮਹੱਜ਼ਬ ਸਦਾਉਂਦੇ ਹਨ, ਇਹਨਾਂ ਥੀਏਟਰਾਂ ਸਿਨੇਮਿਆਂ ਰੂਪੀ ਰਾਸ-ਲੀਲ੍ਹਾਵਾਂ ਵਿਚ ਸਣੇ ਨੂੰਹਾਂ ਬੇਟੀਆਂ ਦੇ ਜਾ ਜਾ ਕੇ ਖਜਲ ਖੁਆਰ ਹੁੰਦੇ ਹਨ।... ਇਹਨਾਂ ਦਾ ਨਾ ਕੋਈ ਦੀਨ ਹੈ ਨਾ ਇਮਾਨ ਹੈ, ਨਾ ਕੋਈ ਅਸੂਲ ਹੈ ਨਾ ਇਖ਼ਲਾਕ ਹੈ। ਜਿੰਨੀ ਬਦ-ਇਖ਼ਲਾਕੀ ਪੈਦਾ ਹੁੰਦੀ ਹੈ ਉਹ ਏਹਨਾਂ ਬਦ-ਇਖਲਾਕ ਟੋਲ੍ਹਿਆਂ ਤੋਂ ਹੀ ਪੈਦਾ ਹੁੰਦੀ ਹੈ।...ਸੱਚੀ ਸ਼ਾਇਸਤਗੀ ਤੋਂ ਇਹ ਲੋਗ ਸੂਨ ਤੇ ਸਖਣੇ ਹਨ। ਇਹ ਕੇਵਲ ਗੁਰਮਤਿ ਹੈ ਜੋ ਏਹਨਾਂ ਬਦ-ਇਖ਼ਲਾਕੀ ਦੇ ਵਹਿਣ ਵਿਚ ਰੁੜੇ ਜਾਂਦਿਆਂ ਨੂੰ ਬਚਾ ਸਕਦੀ ਹੈ।...ਸੱਚੀ ਗੁਰਮਤਿ ਗੁਰੂ ਸਾਹਿਬਾਨ ਦੇ ਉਚੇ ਪਰਉਪਕਾਰੀ ਆਦਰਸ਼ ਤੋਂ ਤੇ ਗੁਰਮਤਿ ਦੇ ਸੱਚੇ ਪੂਰਨੇ ਪਾਉਣਹਾਰੇ ਗੁਰਮੁਖਾਂ ਜਨਾਂ ਦੇ ਜੀਵਨ ਤੋਂ ਸੁਤੇ ਪ੍ਰਾਪਤਿ ਹੁੰਦੀ ਹੈ।

["ਗੁਰਮਤਿ ਗੌਰਵਤਾ" ਪੁਸਤਕ ਵਿਚੋਂ




www.AKJ.Org

# ਸੱਚਾ ਹਸਬੈਂਡ ਤੇ ਝੂਠਾ ਹਸਬੈਂਡ.

ਹਜ਼ਾਰੀ ਬਾਗ ਜੇਲ੍ਹ ਦੇ ਤਸੀਹਿਆਂ, ਤੇ ਸਿੰਘਾਂ ਨੂੰ ਉਚੀ ਉਚੀ ਪਾਠ ਕਰਨ ਦੀ ਮਨਾਹੀ ਦੇ ਕਾਰਨ ਸਾਰੇ ਸਿੰਘਾਂ ਦੀ ਭੁਖ ਹੜਤਾਲ ਤੋਂ ਡਰ ਕੇ ਜੇਲ੍ਹ ਵਾਲਿਆਂ ਨੇ ਸਿੰਘਾਂ ਨਾਲ ਸਮਝੌਤਾ ਕਰ ਲਿਆ ਤੇ–

ਸਾਰਿਆਂ ਦੀਆਂ ਹੱਥਕੜੀਆਂ ਖੁਲ੍ਹਾ ਦਿਤੀਆਂ ਗਈਆਂ ਅਤੇ ਗੁਟਕੇ ਵਾਪਸ ਦੇ ਦਿਤੇ ਗਏ ਅਤੇ ਪਾਠ ਕਰਨ ਦੀਆਂ ਰੁਕਾਵਟਾਂ ਦੂਰ ਹੋ ਗਈਆਂ ਅਤੇ ਜਬਰੀ ਕੰਮ ਕਰਾਉਣ ਦੀਆਂ ਸਾਰੀਆਂ ਤੱਦੀਆਂ ਤੇ ਪਾਬੰਦੀਆਂ ਹਟਾ ਲਈਆਂ ਗਈਆਂ। ਪਰ ਫੇਰ ਵੀ ਸਾਡੇ ਸਾਥੀ ਉਨ੍ਹਾਂ ਉਤੇ ਪਤੀਜਣ ਨਾ, ਅਤੇ ਕਹਿਣ ਕਿ ਭਾਈ ਰਣਧੀਰ ਸਿੰਘ ਨੂੰ ਅਸਾਡੇ ਪਾਸ ਸਾਹਮਣੇ ਲਿਆਓ ਅਤੇ ਅਸਾਡੇ ਨਾਲ ਲਿਆ ਕੇ ਉਸੇ ਬਲਾਕ ਵਿਚ ਨਿਵਾਸ ਦੇਵੋ। ਉਹ ਜਿਵੇਂ ਆਖਸਨ ਓਵੇਂ ਅਸੀਂ ਮੰਨਾਂਗੇ, ਤੁਹਾਡੇ ਕਹੇ ਤੇ ਨਹੀਂ ਮੰਨਦੇ। ਹਾਰੀ ਦਾ ਨਿਆਉਂ, ਉਨ੍ਹਾਂ ਨੂੰ ਇਹ ਵੀ ਮੰਨਣਾ ਪਿਆ। ਮੇਰੇ ਆਖਣ ਵੇਖਣ ਪਰ ਸਾਰੇ ਮੰਨ ਗਏ। ਅੰਤ ਸਭ ਸ਼ਾਂਤ ਹੋ ਗਈ।

ਆਪਣਾ ਕੰਮ ਤਾਂ ਕਢ ਲਿਆ, ਪਰ ਦਰੋਗੇ ਅਤੇ ਸੁਪ੍ਰੰਟੈਂਡੰਟ ਨੇ ਇਸ ਗੱਲ ਦੀ ਬੜੀ ਖੁਣਸ ਖਾਧੀ ਕਿ ਦੇਖੋ ਸਾਡੀਆਂ ਮਿੰਨਤਾਂ ਕੀਤੇ ਮੰਨੇ ਨਹੀਂ, ਰਣਧੀਰ ਸਿੰਘ ਦੇ ਇਸ਼ਾਰੇ ਮਾਤਰ ਨਾਲ ਹੀ ਰਾਜ਼ੀ ਹੋ ਗਏ। ਆਈ. ਜੀ. ਪਾਸ ਰਪੋਟ ਕਰ ਦਿਤੀ ਕਿ ਰਣਧੀਰ ਸਿੰਘ ਇਨ੍ਹਾਂ ਸਾਰਿਆਂ ਦਾ ਰਿੰਗ-ਲੀਡਰ ਹੈ ਅਤੇ ਇਸ ਦੇ ਇਸ਼ਾਰੇ ਅਨੁਸਾਰ ਚਲਦੇ ਹਨ। ਜੋ ਫ਼ਸਾਦ ਹੈ, ਇਸੇ ਦਾ ਪਾਇਆ ਹੋਇਆ ਹੈ। ਏਧਰ ਮੇਰੇ ਨਾਲ ਫੇਰ ਸਖ਼ਤੀ ਕਰਨੀ ਸ਼ੁਰੂ ਕਰ ਦਿਤੀ। ਮੇਰੇ ਕੜਾਕੇ ਤੋੜਨ ਦਾ ਕੋਈ ਪ੍ਰਬੰਧ ਨਾ ਕੀਤਾ। ਇਕ ਰਾਤ ਤਾਂ ਮੈਨੂੰ ਉਸੇ ਬਲਾਕ ਵਿਚ ਹੀ ਹੋਰ ਭੁਖਣ ਭਾਣੇ ਰਹਿਣ ਦਿਤਾ। ਸਾਰੇ ਸਜਣ ਮੈਨੂੰ ਪੁਛ ਪੁਛ ਭੇਜਣ ਕਿ ਕੜਾਕਾ ਟੁੱਟਾ ਕਿ ਨਹੀਂ। ਮੈਂ ਉਨ੍ਹਾਂ ਨੂੰ ਕੋਈ ਸਿੱਧਾ ਪਧਰਾ ਉਤਰ ਨਾ ਦੇਵਾਂ, ਸਗੋਂ ਟਾਲੀ ਜਾਵਾਂ ਕਿ ਮਤੇ ਫੇਰ ਭੁਖ ਹੜਤਾਲ ਨਾ ਕਰ ਦੇਣ। ਰਾਤ ਬਤੀਤ ਹੋਈ ਅਤੇ ਦੂਜੇ ਦਿਨ ਸੂਰਜ ਚੜ੍ਹਦੇ ਹੀ ਜਰਵਾਣੇ ਮੇਰੇ ਉਤੇ ਚੜ੍ਹ ਕੇ ਆਏ ਅਤੇ ਸਾਰੇ ਕੀਤੇ ਕੌਲ ਕਰਾਰ (ਇਕਰਾਰ) ਖੂਹ ਵਿਚ ਸੁਟ ਦਿਤੇ, ਸਗੋਂ ਉਲਟੀਆਂ ਧਮਕੀਆਂ ਦੇਣ ਲਗੇ ਕਿ ਜੇਲ੍ਹ ਦਾ ਬਣਿਆ ਹੋਇਆ ਅਤੇ ਨੜੀਮਾਰ ਹਿੰਦੂਆਂ ਦੇ ਹੱਥਾਂ ਦਾ ਖਾਣਾ, ਖਾਣਾ ਪਵੇਗਾ। ਅਤੇ ਹੋਰ ਅਲਹਿਦਾ ਇਨਤਜ਼ਾਮ ਕੁਛ ਨਹੀਂ ਹੋ ਸਕਦਾ ਅਤੇ ਨਾ ਹੀ ਫਲ ਫ਼ਰੂਟ ਹੀ ਮਿਲੇਗਾ। ਇਨਕਾਰੀ ਹੋਵੇਗਾ ਤਾਂ(force feeding)ਜ਼ਬਰਦਸਤੀ ਖਾਣਾ ਖੁਆਇਆ ਜਾਵੇਗਾ ਅਤੇ ਧਰਮ-ਧੱਕਾ ਕੀਤਾ ਜਾਵੇਗਾ। ਦਾਸ ਨੂੰ ਹਰ ਪ੍ਰਕਾਰ ਅਚੱਲ ਅਤੇ ਦ੍ਰਿੜ੍ਹ ਦੇਖ ਕੇ ਮਿ: ਹਸਬੈਂਡ ਹੋਰਾਂ ਹੁਕਮ ਦਿਤਾ ਕਿ ਇਸ ਨੂੰ ਇਸੇ ਵੇਲੇ ਫ਼ੋਰਸਫ਼ੀਡ ਕਰਨ ਲਈ ਹਸਪਤਾਲ ਲੈ ਜਾਵੋ ਅਤੇ ਮੈਡੀਕਲ ਅਫਸਰ ਦੇ ਨਾਉਂ ਫ਼ੋਰਸ ਫ਼ੀਡ ਕਰਨ ਦਾ ਸਖ਼ਤ ਤੱਦੀ ਵਾਲਾ ਹੁਕਮ ਚਾੜ੍ਹ ਦਿਤਾ। ਸੋ ਮੈਨੂੰ ਉਸੇ ਵੇਲੇ ਕੋਠੀਓਂ ਕਢ ਕੇ ਅਤੇ ਨਿਕਟ ਕੋਠੀਆਂ ਵਿਚ ਵਸਦੇ ਵੀਰਾਂ ਨਾਲੋਂ ਵਿਛੋੜ ਕੇ ਹਸਪਤਾਲ ਵਲ ਲੈ ਤੁਰੇ। ਦਾਸ ਨੇ ਵੀਰ-ਵਿਛੋੜੇ ਵਾਲੀ ਫਤਹ ਗਜਾ ਕੇ ਗਾਵਿਆਂ :– "ਨਦੀਆਂ ਵਾਹ ਵਿਛੁੰਨਿਆ ਮੇਲਾਂ ਸੰਜੋਗੀ ਰਾਮ ॥"

ਨਾਲੇ ਤੁਰੇ ਜਾਂਦੇ ਨੇ ਤਰਦੀਆਂ ਤਰਦੀਆਂ ਗੱਲਾਂ ਦਸ ਦਿਤੀਆਂ ਕਿ ਧਰਮ-ਧੱਕਾ ਕਰਨ ਲਗੇ ਹਨ। ਧਰਮ ਰਹਿ ਗਿਆ ਤਾਂ ਮੇਲੇ ਹੋ ਜਾਣਗੇ, ਨਹੀਂ ਤਾਂ ਗੁਰਪੁਰੀ ਨੂੰ ਪਧਾਰਨ ਦੀਆਂ ਡੌਲਾਂ ਹਨ। ਇਹ ਸੁਣ ਕੇ ਭਰਾਵਾਂ ਦੀਆਂ ਭੁੱਬਾਂ ਨਿਕਲ ਗਈਆਂ। ਇਕ ਆਨ ਵਿਚ ਹੀ ਇਹ ਖ਼ਬਰ ਸਾਰੇ ਜੇਲ੍ਹ ਵਿਚ ਫੈਲ ਗਈ ਅਤੇ ਮੈਨੂੰ ਹਸਪਤਾਲੇ ਲੈ ਗਏ।

ਅਗਾਹਾਂ ਹਸਪਤਾਲ ਵਿਚ ਇਕਲਵਾਂਝੇ ਮੇਰੇ ਲਈ ਇਕ ਖ਼ਾਸ ਕਮਰਾ ਰੀਜ਼ਰਵ ਕਰ ਰਖਿਆ ਸੀ



www.AKJ.Org

ਜਿਥੇ ਕਿ ਜ਼ੁਲਮ ਦਾ ਨਜ਼ਾਰਾ ਕਦੀ ਹਰ ਕਦੀ ਨਾ ਦੇਖ ਸਕੇ। ਪਰੰਤੂ ਉਹ ...
ਅਤੇ ਏਕਾਂਤ-ਕੁੱਟੀ ਹੈਸੀ ਕਿ ਉਥੇ ਖ਼ਾਹ-ਮਖ਼ਾਹ ਬ੍ਰਿਤੀ ਖਿੜਦੀ ਸੀ। ਕਮਰੇ ਦੇ ਚਾਰ ਚੁਫੇਰੇ ਉਚੇ ਉਚੇ ਲੰਮੇ ਸਰਬਲੋਹੀ ਸੀਖਾਂ ਵਾਲੇ ਜੰਗਲੇ, ਇਕ ਇਕ ਪਾਸੇ ਕਈ ਕਈ ਦਰਵਾਜ਼ੇ ਅਤੇ ਕਈ ਝਰੋਖੇ ਤੇ ਅਗੋਂ ਪਿਛੋਂ ਚਾਰ ਚੁਫੇਰੇ ਖੁਲ੍ਹੇ ਬਰਾਮਦੇ ਉਚੀਆਂ ਛੱਤਾਂ ਵਾਲੇ, ਜੋ ਅਕਾਸ਼ ਨਜ਼ਾਰਾ ਖੁਲ੍ਹਮ ਖੁਲ੍ਹਾ ਅੱਖੀਆਂ ਗੋਚਰੇ ਕਰਾਂਵਦੇ ਸਨ। ਅਤੇ ਖੁਲ੍ਹੀਆਂ ਪਉਣਾਂ ਦੇ ਝੋਕੇ ਅੰਦਰ ਆਵੰਦੇ ਸਨ। ਵਿਚਕਾਰ ਸੀਮਿੰਟ ਦਾ ਸਾਫ ਸੁਥਰਾ ਫਰਸ਼ ਖੁਲ੍ਹੇ ਜਲ ਨਾਲ ਧੋਤਾ ਹੋਇਆ ਸੀ। ਕਮਰਾ ਕਾਹਦਾ ਸੀ, ਕੋਈ ਬਾਦਸ਼ਾਹੀ ਬਾਰਾਂਦਰੀ ਸੀ। ਵਿਚ ਫਕੀਰਾਂ ਦੇ ਆਸਣ ਲਗ ਗਏ। ਭੂਮ-ਆਸਣ ਫਕੀਰਾਂ ਦੀ ਬਹਿੰਦੇ ਸਾਰ ਹੀ, ਨਿਸ਼ਸਤ ਜੰਮ ਗਈ। ਸਨਮੁਖ ਗੁਲਾਬ ਦੇ ਖਿੜੇ ਹੋਏ ਫੁਲਾਂ ਦੇ ਪਾਂਤੋ ਪਾਂਤ ਗਮਲੇ, ਸਜੀ ਫੁਲਵਾੜੀ, ਪੂਰ ਜੋਬਨ ਉਤੇ ਬਹਾਰ ਦਿਖਾ ਰਹੀ ਸੀ। ਉਪਰੋਂ ਨਿਮ੍ਹੀ ਨਿਮ੍ਹੀ ਬਰਖਾ ਦੀ ਫੁਹਾਰ ਪੈਣ ਲਗ ਪਈ।

## ਸੁਰਤੀ ਦਾ ਉਚ ਮੰਡਲੀਂ ਖੇਡਣਾ ਤੇ ਸ਼ਬਦ ਦਾ ਅਲਾਪ ਹੋਣਾ–

ਇਕ-ਦਮ ਖਟ ਚੱਕਰ ਭੇਦੇ ਗਏ ਅਤੇ ਇਕ ਟੁਕ-ਦਮ-ਕਰਾਰੀ ਅਭਿਆਸੀ ਜਨ ਦੀ ਸੁਰਤੀ ਤੜੱਕ ਕਰ ਕੇ ਉਚ ਮੰਡਲੀਂ ਜਾ ਖੇਡੀ। ਉਪਰੋਂ ਬਿਰਹੋਂ ਦੇ ਘਾਣ ਅਤੇ ਪ੍ਰੇਮ ਦੇ ਚਾਬਕ ਲਗੇ ਹੋਏ। ਲਗੀਆਂ ਡੋਰੀਆਂ ਨੂੰ ਕੌਣ ਹੋੜੇ। ਕੀਰਤਨ-ਕਾਂਗਾਂ ਉਠੀਆਂ ਅਤੇ ਇਲਾਹੀ ਨਾਦ ਦੀਆਂ ਸਾਂਗਾਂ ਵਿਚ ਅਮਰੀ ਸੁਰ-ਤ੍ਰਾਨਿਆਂ-ਪ੍ਰੋਤਾ ਇਹ ਗੁਰ-ਸ਼ਬਦ ਗੂੰਜ ਉਠਿਆ–

ਨਟ ਮਹਲਾ ੫ ॥
ਚਰਨ ਕਮਲ ਸੰਗਿ ਲਾਗੀ ਡੋਰੀ ॥
ਸੁਖ ਸਾਗਰ ਕਰਿ ਪਰਮ ਗਤਿ ਮੋਰੀ ॥ ੧ ॥ ਰਹਾਉ ॥
ਅੰਚਲਾ ਗਹਾਇਓ ਜਨ ਅਪੁਨੇ ਕਉ ਮਨੁ ਬੀਧੋ ਪ੍ਰੇਮ ਕੀ ਖੋਰੀ ॥
ਜਸੁ ਗਾਵਤ ਭਗਤਿ ਰਸੁ ਉਪਜਿਓ ਮਾਇਆ ਕੀ ਜਾਲੀ ਤੋਰੀ ॥੧॥
ਪੂਰਨ ਪੂਰਿ ਰਹੇ ਕਿਰਪਾਨਿਧਿ ਆਨ ਨ ਪੇਖਉ ਹੋਰੀ ॥
ਨਾਨਕ ਮੇਲਿ ਲੀਓ ਦਾਸੁ ਅਪਨਾ ਪ੍ਰੀਤਿ ਨ ਕਬਹੂ ਥੋਰੀ ॥੨॥੫੬॥ (੯੭੯)

ਜੇਲ੍ਹ-ਹਸਪਤਾਲ-ਕਰਮਚਾਰੀਆਂ ਦੀਆਂ ਕਮਰੇ ਅਗੇ ਝੁਰਮਟਾਂ ਲਗ ਗਈਆਂ। ਪਹਿਰਿਆਂ ਵਾਲੇ ਸਿਪਾਹੀ ਜਮਾਦਾਰ, ਪਹਿਰੇ ਸੁੰਨੇ ਛਡ ਛਡ ਆਵਣ, ਦੂਰ ਦੂਰ ਖ਼ਬਰਾਂ ਜਾ ਹੋਈਆਂ, ਦਫਤਰੀਆਂ ਨੇ ਦਫ਼ਤਰ ਬੰਦ ਕਰ ਦਿਤੇ। ਸਭ ਕੀਰਤਨ ਕਾਂਗ ਬਾਂਗ ਦੇ ਖਿਚੇ ਘੰਡੇ ਮਿਰਗ ਵਾਂਗੂ ਧਾਈ ਕਰੀ ਚਲੀ ਆਵਣ। ਬਾਹਰ ਬੰਗਲੇ ਵਿਚ ਮਿ: ਹਸਬੈਂਡ ਹੋਰਾਂ ਨੂੰ ਭੀ ਤੱਲੋ ਮੱਛੀ ਜਾ ਲਗੀ। ਕੰਨੀਂ ਬਲੇਲ ਪੈਣ ਸਾਰ ਉਹ ਭੀ ਆਪਣੇ ਲਾਉ-ਲਸ਼ਕਰ ਨੂੰ ਨਾਲ ਲੈ ਕੇ ਹੰਨਾ। ਪਰੰਤੂ ਉਸ ਦੇ ਆਉਂਦੇ ਨੂੰ ਸ਼ਬਦ-ਤਰੰਗ-ਕਾਂਗਾਂ ਠਲ੍ਹ ਚੁਕੀਆਂ ਸਨ ਅਤੇ ਅੰਤਰ ਮਸ਼ਟ ਰਸ-ਮਗਨ ਬੈਠੇ ਲਿਵ-ਤਾਰ ਜੁੜ ਚੁਕੀ ਸੀ। ਅਚੱਲ ਅਡੋਲ ਆਸਣੀ ਮਸ਼ਟ ਮਗਨ ਬੈਠੇ ਲਿਵ ਜੋੜੀਆਂ ਨੂੰ ਕੌਣ ਜਗਾਵੇ! ਕੁਝ ਕਾਲ ਹੱਕੇ ਬੱਕੇ ਹੋ ਕੇ ਸਾਰੇ ਦੇ ਸਾਰੇ ਬੁੱਤ ਬਣੇ ਬਾਹਰ ਦੇ ਬਾਹਰ ਹੀ ਖੜੋਤੇ ਰਹਿ ਗਏ। ਕਿਸੇ ਦੀ ਹਿੰਮਤ ਨਾ ਪਵੇ ਹਿਲਾਉਣ ਜੁਲਾਉਣ ਅਤੇ ਬੁਲਾਉਣ ਦੀ। ਪੌਣਾ ਘੰਟਾ ਬਤੀਤ ਗਿਆ। ਓੜਕ ਚੀਫ ਹੈਡ ਵਾਰਡਰ ਨੂੰ (ਜੋ ਸਿਖ ਸੀ) ਹੁਕਮ ਹੋਇਆ ਕਿ ਤਾਲਾ ਖੋਲ੍ਹ ਕੇ ਅੰਦਰ ਜਾਵੇ ਅਤੇ ਹਿਲਾਵੇ ਚਲਾਵੇ ਬੁਲਾਵੇ। ਉਹ ਬਿਚਾਰਾ ਠਠੰਬਰਿਆ ਹੋਇਆ, ਪਰ ਹੁਕਮਾਂ ਦਾ ਬੱਧਾ ਹੋਇਆ ਮਲਕੜੇ ਜਿਹੇ ਕੁੰਗੜਿਆ ਹੋਇਆ ਮੇਰੇ ਕੋਲ ਆਇਆ ਅਤੇ ਇਕ ਹੱਥ ਨਾਲ ਮੇਰਾ ਮੋਢਾ ਹਿਲਾਇਆ ਅਤੇ ਦੂਜਾ ਹੱਥ ਓਸ ਮੇਰੇ ਖੁਰੜਿਆਂ ਤੇ ਟਿਕਾਇਆ। ਸੁਰਤੀ ਉਖੜੀ ਤਾਂ ਖੁਰੜੇ ਸੰਕੋਚੇ



www.AKJ.Org

ਗਏ। ਅਤੇ ਉਹ ਬੋਲਿਆ—

"ਭਾਈ ਸਾਹਿਬ ਜੀ, ਕੋਈ ਪੌਣੇ ਘੰਟੇ ਤੋ ਸੁਪ੍ਰੰਟੰਡੰਟ ਸਾਹਿਬ ਅਤੇ ਸਾਰੇ ਜੇਲ੍ਹ-ਅਫ਼ਸਰ ਆਪ ਦੇ ਸਾਹਮਣੇ ਬਾਹਰਵਾਰ ਕਮਰੇ ਤੋਂ ਖੜੋਤੇ ਹੋਏ ਹਨ ਅਤੇ ਆਪ ਦੇ ਨਾਲ ਕੁਛ ਗੱਲ ਬਾਤ ਕਰਨਾ ਚਾਹੁੰਦੇ ਹਨ।"

ਮੈਂ ਆਖਿਆ, ਇਸ ਵੇਲੇ ਵੇਹਲ ਨਹੀਂ।

ਮਿ: ਹਸਬੈਂਡ ਕੜਕ ਕੇ ਬੋਲਿਆ, ਹੋਰ ਤਾਂ ਹੋਰ ਰਹੀ, ਪਰ ਤੁਮ ਖੜੇ ਕਿਉਂ ਨਹੀਂ ਹੂਏ ?

ਮੈਂ—ਹੁਕਮ ਖਸਮ ਦਾ, ਖੇਡ ਖਸਮ ਦੀ।

ਮਿ: ਹਸਬੈਂਡ—ਕੌਨ ਸਾ ਖਸਮ ?

ਮੈਂ—ਸੱਚਾ ਖਸਮ (The True Husband), ਤੂੰ ਤਾਂ ਕੂੜ ਦਾ ਹੀ ਹਸਬੈਂਡ ਨਾਉਂ, ਧਰਾਈ ਫਿਰਦਾ ਹੈਂ। ਮੇਰਾ ਸੱਚਾ ਖਸਮ ਸਦੀਵ ਕਾਲ ਹੀ ਸਿਰ ਤੇ ਖੜਾ ਦਿਖਾਈ ਦਿੰਦਾ ਹੈ। ਕੂੜ ਦੇ ਹਸਬੈਂਡ ਦੀ ਏਥੇ ਕੀ ਪਰਵਾਹ ਹੈ ਅਤੇ ਕੀ ਬਹੁ ਸੁਰਤ ਰਹਿੰਦੀ ਹੈ ਜਿਥੇ ਸੱਚਾ ਹਸਬੈਂਡ ਸਿਰ ਤੇ ਖਲੋਤਾ ਹੋਵੇ।

ਮਿ: ਹਸਬੈਂਡ—ਤੁਮ ਤੋਂ ਕਹਿਤੇ ਹੋ ਬਾਤ ਕਰਨੇ ਕੀ ਫ਼ੁਰਸਤ ਨਹੀਂ, ਸੋ ਹਮੇਂ ਬਤਾਉ ਕਿ ਕੌਨ ਸੇ ਕਾਮ ਮੇਂ ਮਸ਼ਗੂਲ ਹੋ ?

ਮੈਂ—ਉਹ ਤੁਹਾਡੇ ਦਿਸਣ ਦਸਣ ਗੋਚਰਾ ਨਹੀਂ।

ਮਿ: ਹਸਬੈਂਡ—ਤੁਮ ਨੇ ਇਤਨਾ ਊਚਾ ਗਾਨਾ ਕਿਉਂ ਗਾਇਆ ?

ਮੈਂ—ਮੇਰੇ ਵਸ ਨਹੀਂ ਰਿਹਾ। ਕੋਈ ਮਥ ਕੇ ਨਹੀਂ ਗਾਇਆ।

ਮਿ: ਹਸਬੈਂਡ—ਅਬ ਤੁਮ ਕਿਆ ਮਾਂਗਤੇ ਹੋ ? ਤੁਮਾਰੇ ਸਾਥ ਕੈਸਾ ਸਲੂਕ ਕੀਆ ਜਾਏ ?

ਮੈਂ—ਜੈਸਾ ਤੁਮ ਚਾਹੋ ਕਰੋ, ਪਰ ਮੈਨੂੰ ਇਸ ਵੇਲੇ ਨਾ ਬੁਲਾਓ ਅਤੇ ਆਪਣੇ ਅਨੰਦ ਵਿਚ ਬੈਠਣ ਦਿਓ।

ਮਿ: ਹਸਬੈਂਡ—(ਚੀਫ਼ ਹੈਡ ਵਾਰਡਰ ਨੂੰ) ਇਸ ਕੋ ਜਬਰਨ ਖੜੇ ਕਰੋ।

ਚੀਫ਼ ਹੈਡ ਵਾਰਡਰ—ਸਾਹਿਬ, ਮੇਰੇ ਵਿਚ ਹਿੰਮਤ ਨਹੀਂ, ਮੈਨੂੰ ਮਾਫ ਕਰੋ। ਮੈਂ ਮਲਕੜੇ ਜਿਹੇ ਮੋਢਾ ਹੀ ਹਿਲਾਇਆ ਹੈ, ਮੇਰਾ ਸਾਰਾ ਹੱਥ ਸਣੇ ਬਾਂਹ ਦੇ ਝੂਠਾ ਜਿਹਾ ਹੋਇਆ ਪਿਆ ਹੈ।

ਮਿ: ਹਸਬੈਂਡ—ਹੁਕਮ ਨਹੀਂ ਮਾਨੋਗੇ ?

ਚੀਫ਼ ਹੈਡ ਵਾਰਡਰ—ਅਸਤੀਫ਼ਾ ਦੇਣਾ ਮਨਜ਼ੂਰ ਹੈ।

ਮਿ: ਹਸਬੈਂਡ—ਹਮ ਮੌਕੂਫ਼ ਕਰੇਗਾ।

ਚੀਫ਼ ਹੈਡ ਵਾਰਡਰ—ਤੁਸੀਂ ਖ਼ੁਦ ਅਗੇ ਵਧ ਕੇ ਵੇਖ ਲਵੋ ਯਾ ਕਿਸੇ ਹੋਰ ਅਫ਼ਸਰ ਨੂੰ ਹੁਕਮ ਦਿਓ।

ਇਸ ਪਰ ਮਿਸਟਰ ਹਸਬੈਂਡ ਇਕ ਦੋ ਕਦਮ ਖ਼ੁਦ ਅਗੇ ਵਧਿਆ, ਪਰ ਫੇਰ ਉਸ ਦੇ ਚਿਤ ਵਿਚ ਖ਼ਬਰ ਨਹੀਂ ਕੀ ਆਈ ਕਿ ਪਿਛਲੀਂ ਪੈਰੀਂ ਮੁੜ ਗਿਆ ਅਤੇ ਤਾਲਾ ਲਾ ਦੇਣ ਦਾ ਹੁਕਮ ਦੇ ਕੇ ਅਤੇ ਤਕੜਾਈ ਕਰ ਕੇ ਵਾਪਸ ਚਲਿਆ ਗਿਆ। ਮੈਂ ਜਾਤਾ ਬੈਂਤਾਂ ਲਾਉਣ ਦਾ ਹੁਕਮ ਦੇਵੇਗਾ, ਪਰੰਤੂ ਉਹਦੇ ਅੰਦਰ ਹੋਰ ਹੀ ਭਾਣਾ ਵਰਤ ਗਿਆ। ਉਹ ਖਬਰ ਨਹੀਂ ਕਿਸ ਗੱਲੋਂ-ਭੈਭੀਤ ਹੋਇਆ, ਉਸ ਨੇ ਚੀਫ਼ ਹੈਡ ਵਾਰਡਰ ਨੂੰ ਭੀ ਕੁਛ ਨਹੀਂ ਕਿਹਾ, ਨਾ ਹੀ ਮੇਰੇ ਉਤੇ ਕੋਈ ਹੋਰ ਕੋਪ-ਦ੍ਰਿਸ਼ਟੀ ਕੀਤੀ, ਪਰੰਤੂ ਫ਼ੋਰਸ ਫ਼ੀਡ ਵਾਲਾ ਹੁਕਮ ਉਸ ਨੇ ਉਵੇਂ ਜਿਵੇਂ ਬਰ-ਕਰਾਰ ਰਖਿਆ।

ਸੁਪ੍ਰੰਟੰਡੰਟ ਦੇ ਚਲੇ ਜਾਣ ਪਿਛੋਂ ਮੈਡੀਕਲ ਅਫ਼ਸਰ ਅਤੇ ਉਸ ਦਾ ਅਸਿਸਟੈਂਟ ਇਕ ਮਰਹੱਟਾ ਜੈਂਟਲਮੈਨ, ਜੋ ਇਨਚਾਰਜ ਹਸਪਤਾਲ ਹੈਸੀ, ਦੋਨੋਂ ਮੇਰੇ ਪਾਸ ਆਏ, ਪਰ ਕਮਾਲ ਤਾਅਜ਼ੀਮ ਤਕੱਲਫ਼ ਨਾਲ ਪੇਸ਼ ਆਏ। ਦੋਨੋਂ ਅਦਬ ਨਾਲ ਟੋਪੀਆਂ ਉਤਾਰੀ ਖੜੋਤੇ। ਟੋਪੀਆਂ ਦੋਹਾਂ ਦੀਆਂ ਅੰਗਰੇਜ਼ੀ ਸਨ।



www.AKJ.Org

ਸਾਨੂੰ ਆਖਣ ਲਗੇ, "ਸਾਡੇ ਲਈ ਕੋਈ ਖ਼ਿਦਮਤ ?"

ਮੈਂ ਆਖਿਆ, ਪਹਿਲਾਂ ਆਪਣੇ ਹਸਬੈਂਡ ਦਾ ਹੁਕਮ ਬਜਾ ਲਿਆਵੋ।

ਦੋਈ ਹੱਸ ਕੇ ਕਹਿਣ ਲਗੇ, ਸਾਡਾ ਭੀ ਸੱਚਾ ਹਸਬੈਂਡ ਉਹੋ ਹੈ ਜੋ ਆਪ ਦਾ ਹੈ ਅਤੇ ਸਾਨੂੰ ਭੀ ਉਸ ਦੇ ਹੁਕਮ ਦੀ ਜ਼ਿਆਦਾ ਪ੍ਰਵਾਹ ਹੈ।* ਅਸੀਂ ਆਪ ਦਾ ਧਰਮ ਨਹੀਂ ਤੋੜਾਂਗੇ ਅਤੇ ਹੁਣ ਤੁਸੀਂ ਸਾਡੇ ਚਾਰਜ ਵਿਚ ਹੋ। ਤੁਹਾਡੇ ਉਪਰ ਇਸ ਕੂੜਾਵੇ ਹਸਬੈਂਡ ਦਾ ਹੁਣ ਜ਼ੋਰ ਨਹੀਂ ਚਲੇਗਾ। ਅਤੇ ਮੈਡੀਕਲ ਅਫ਼ਸਰ ਨੇ ਆਖਿਆ, ਤੁਸੀਂ ਫਲ ਫਰੂਟ ਜੋ ਛਕ ਸਕਦੇ ਹੋ ਤੇ ਜਿੰਨੇ ਚਾਹੋ ਛਕੋ, ਮੈਂ ਹੁਣ ਹੁਕਮ ਜ਼ਾਰੀ ਕਰ ਦਿੰਦਾ ਹਾਂ। ਅਜ ਤੋਂ ਤੁਹਾਨੂੰ ਮੇਰੇ ਹੁਕਮ ਨਾਲ ਫਰੂਟ ਮਿਲਣਗੇ। ਤੁਸੀਂ ਹੁਣ ਮੇਰੇ ਪ੍ਰਾਹੁਣੇ ਹੋ। ਹੁਣ ਦੇਖੋ ਮੈਂ ਤੁਹਾਡੇ ਵਾਸਤੇ ਕੀ ਕੁਛ ਕਰਦਾ ਹਾਂ।

ਇਹ ਪਿਛਲੇ ਬਚਨ ਮੈਡੀਕਲ ਅਫ਼ਸਰ ਆਖ ਕੇ ਆਪਣੇ ਮਾਤਹਿਤਾਂ ਨੂੰ ਨਾਲ ਲੈ ਕੇ ਚਲਦਾ ਹੋਇਆ। ਕੋਈ ਘੰਟੇ ਕੁ ਪਿਛੋਂ ਮਰਹੱਟਾ ਡਾਕਟਰ ਫਲਾਂ ਦੀ ਟੋਕਰੀ ਭਰ ਕੇ ਲਿਆਇਆ ਅਤੇ ਮੇਰੇ ਹਿਸਟਰੀ ਟਿਕਟ ਪਰ ਮੈਡੀਕਲ ਅਫ਼ਸਰ ਦੇ ਦਸਖ਼ਤਾਂ ਹੇਠਾਂ ਫਲ ਮਿਲਣ ਦੀ ਮਨਜ਼ੂਰੀ ਦਰਜ ਕਰਵਾ ਲਿਆਇਆ। ਸੋ ਤਿੰਨ ਹਫ਼ਤੇ ਪਿਛੋਂ ਕੜਾਕਾ ਟੁੱਟਾ।

ਮਰਹੱਟਾ ਜੀ ਨੇ (ਜਿਸ ਦਾ ਨਾਉਂ ਮੈਂ ਭੁਲ ਗਿਆ) ਮੈਨੂੰ ਦਸਿਆ ਕਿ ਹੁਣੇ ਹੀ ਮੈਡੀਕਲ ਅਫ਼ਸਰ ਨੇ ਹਸਪਤਾਲਾਂ ਦੇ ਜਰਨੈਲ (I.G. of hospitals) ਨੂੰ ਇਕ ਜ਼ਰੂਰੀ ਪੱਤਰ ਭੇਜਿਆ ਹੈ, ਜਿਸ ਵਿਚ ਉਸ ਨੇ ਲਿਖਿਆ ਹੈ ਕਿ "ਰਣਧੀਰ ਸਿੰਘ ਆਪਣੀ ਧਰਮ-ਰਕਸ਼ਾ ਲਈ ਭੁਖ ਹੜਤਾਲ ਕਰ ਰਿਹਾ ਹੈ, ਕੋਈ ਹੁਕਮ-ਅਦੂਲੀ ਅਤੇ ਜ਼ਿਦ (obstinacy) ਨਹੀਂ ਕਰ ਰਿਹਾ। ਉਹ ਫਲਾਂ ਉਤੇ ਗੁਜ਼ਾਰਾ ਕਰ ਰਿਹਾ ਸੀ। ਚਾਹੇ ਫਲ ਪੂਰੀ ਗਿਜ਼ਾ ਬਹੱਮ ਨਹੀਂ ਪੁਚਾ ਸਕਦੇ। ਮੇਰੀ ਰਾਇ ਅਤੇ ਹਦਾਇਤ ਲਏ ਬਿਨਾਂ ਹੀ ਜੇਲ੍ਹਰ ਨੇ ਸੁਪ੍ਰੰਟੈਂਡੰਟ ਪਾਸੋਂ ਆਰਡਰ ਕਰਾ ਕੇ ਫਲ ਬੰਦ ਕਰਵਾ ਦਿਤੇ। ਉਹ ਤਿੰਨ ਹਫ਼ਤੇ ਮਜਬੂਰਨ ਭੁਖ ਹੜਤਾਲ ਤੇ ਰਿਹਾ। ਮੈਨੂੰ ਸੁਪ੍ਰੰਟੈਂਡੰਟ ਨੇ ਫ਼ੋਰਸ ਫ਼ੀਡ ਲਈ ਹੁਕਮ ਦਿਤਾ ਹੈ। ਮੈਂ ਜਬਰਨ ਉਸ ਦਾ ਧਰਮ ਤੋੜਨਾ ਨਹੀਂ ਚਾਹੁੰਦਾ। ਉਸ ਨੂੰ ਮੈਂ ਹਸਪਤਾਲ ਵਿਚ ਦਾਖ਼ਲ ਕਰ ਰਖਿਆ ਹੈ ਅਤੇ ਫਲ ਦੇਣੇ ਸ਼ੁਰੂ ਕਰ ਦਿਤੇ ਹਨ, ਜਿਨ੍ਹਾਂ ਨੂੰ ਉਹ ਬਗ਼ੈਰ ਜ਼ਿਦ, ਤੇ ਇਤਰਾਜ਼ ਦੇ ਛਕ ਰਿਹਾ ਹੈ, ਕਿਉਂਕਿ ਐਸਾ ਫਲ ਖਾਣਾ ਉਸ ਦੇ ਧਰਮ ਦੇ ਉਲਟ ਨਹੀਂ। ਪਰ ਫਲਾਂ ਦੀ ਖ਼ੁਰਾਕ ਦਾਇਮੀ ਤੌਰ ਪਰ ਉਸ ਦੀ ਸਿਹਤ ਕਾਇਮ ਰਖਣ ਲਈ ਸਹਾਈ ਅਤੇ ਲਾਭਦਾਇਕ ਸਾਬਤ ਨਹੀਂ ਹੋ ਸਕਦੀ। ਮੇਰੇ ਖ਼ਿਆਲ ਵਿਚ ਉਸ ਨੂੰ ਆਪਣੇ ਹੱਥੀਂ ਪਰਸ਼ਾਦਾ ਸਜਾਉਣ ਦੀ ਇਜਾਜ਼ਤ ਮਿਲ ਜਾਣੀ ਚਾਹੀਏ, ਇਤਿਆਦਿਕ" ਸਿਫ਼ਾਰਸ਼ ਲਿਖ ਕੇ ਉਕਤ ਚਿਠੀ ਆਈ. ਜੀ. ਹਸਪਤਾਲਾਂ ਦੇ ਪਾਸ ਭੇਜੀ ਗਈ ਹੈ। ਆਪ ਇਤਮੀਨਾਨ ਰਖੋ ਕਿ ਆਪ ਨੂੰ ਫ਼ੋਰਸ ਫ਼ੀਡ ਅਸੀਂ ਨਹੀਂ ਕਰਾਂਗੇ।

ਇਹ ਮਰਹੱਟਾ ਡਾਕਟਰ ਇਸ ਕਰਕੇ ਭੀ ਦਿਲੀ ਹਮਦਰਦੀ ਕਰਦਾ ਸੀ ਕਿ ਇਸ ਦਾ ਭਾਈ ਭਰਾ ਜਾਂ ਨਿਕਟੀ ਰਿਸ਼ਤੇਦਾਰ ਮਿਸਟਰ ਪਿੰਗਲੇ ਪਹਿਲੇ ਮੁਕੱਦਮਾ ਸਾਜ਼ਸ਼ ਲਾਹੌਰ ਵਿਚ ਕਰਤਾਰ ਸਿੰਘ ਸਰਾਭਾ ਨਾਲ ਫਾਂਸੀ ਆ ਚੁਕਾ ਸੀ। ਅਜ ਇਸ ਨਾਲ ਬਾਤ ਚੀਤ ਕਰਨ ਤੋਂ ਇਸ ਪ੍ਰਥਾਇ ਸਭ ਪਤਾ ਲਗਾ।

ਹਸਪਤਾਲਾਂ ਦੇ ਇਨਸਪੈਕਟਰ ਜਨਰਲ ਨੇ ਤਕੜੀ ਸਿਫ਼ਾਰਸ਼ ਕਰ ਕੇ ਉਕਤ ਮੈਡੀਕਲ ਅਫ਼ਸਰ ਵਾਲੀ ਚਿਠੀ ਨੂੰ ਬਿਹਾਰ ਉੜੀਸਾ ਦੇ ਗਵਰਨਰ ਪਾਸ ਭੇਜ ਦਿਤਾ। ਗਵਰਨਰ ਨੇ ਫ਼ੌਰਨ ਜੇਲ੍ਹਾਂ ਦੇ ਜਰਨੈਲ (I. G. of hospitals) ਨੂੰ ਹੱਥੀਂ ਪ੍ਰਸ਼ਾਦਾ ਸਜਾਉਣ ਦੀ ਮਨਜ਼ੂਰੀ ਦਾ ਆਰਡਰ ਭੇਜ ਦਿਤਾ। ਤੀਜੇ ਦਿਨ ਮਨਜ਼ੂਰੀ ਆ ਗਈ। ਮਿ: ਹਸਬੈਂਡ ਅਤੇ ਜੇਲ੍ਹਰ ਵਧਾਵਾ ਰਾਮ ਢਿਲੇ ਹੋ ਗਏ। ਓਧਰ ਸਾਰੇ ਸਜਣ

*ਇਹ ਸੱਜਣ ਸੁਪ੍ਰੰਟੈਂਡੰਟ ਸੇਤੀ ਬਾਤ ਚੀਤ ਹੋਣ ਵੇਲੇ ਕਿਤੇ ਨਾਲ ਹੀ ਖਲੋਤੇ ਸਨ।



www.AKJ.Org

ਸਿਰਾਂ ਧੜਾਂ ਦੇ ਦਾਈਏ ਲਾਈ ਬੈਠੇ ਸਨ ਅਤੇ ਵੰਗਾਰ ਵੰਗਾਰ ਸੁਪ੍ਰਿੰਟੇਂਡੰਟ ਨੂੰ ਕਹਿ ਰਹੇ ਸਨ ਕਿ ਛੇਤੀ ਭਾਈ ਰਣਧੀਰ ਸਿੰਘ ਨੂੰ ਸਾਡੇ ਕੋਲ ਲੈ ਆਓ, ਨਹੀਂ ਤਾਂ ਕੋਈ ਹਾਦਸਾ ਕਰ ਦਿਖਾਵਾਂਗੇ। ਮਿ: ਹਸਬੈਂਡ ਆਪ ਬੜਾ ਘਾਬਰਿਆ ਹੋਇਆ ਸੀ। ਗਵਰਨਰ ਦੀ ਮਨਜ਼ੂਰੀ ਆਉਣ ਪਰ ਭੱਜਾ ਭੱਜਾ ਮੇਰੇ ਪਾਸ ਆਇਆ ਅਤੇ ਵਡਿਆਈ ਦਾ ਸੇਹਰਾ (Credit) ਆਪ ਲੈਣ ਵਾਸਤੇ ਮੈਨੂੰ ਆਖਣ ਲਗਾ, "ਚਲੋ ਰਣਧੀਰ ਸਿੰਘ ਆਪਣੇ ਭਾਈਓਂ ਮੇਂ ਆਪਣਾ ਪ੍ਰਸ਼ਾਦਾ ਸਜਾਓ, ਹਮ ਨੇ ਮਨਜ਼ੂਰੀ ਦੇ ਦੀਆ ਹੈ।"

ਮੈਂ ਆਖਿਆ, "ਮਿਥਿਆ ਕਿਉਂ ਪਏ ਬੋਲਦੇ ਹੋ। ਮਨਜ਼ੂਰੀ ਤਾਂ ਉਪਰੋਂ ਧੁਰ ਗਵਰਨਰ ਕੋਲੋਂ ਚੜ੍ਹੀ ਹੈ। ਤੁਸੀਂ ਐਵੇਂ ਵਡਿਆਈ ਦਾ ਟਿੱਕਾ ਲੈਣਾ ਚਾਹੁੰਦੇ ਹੋ।"

ਮਿ: ਹਸਬੈਂਡ—ਸਚ ਬਟਾਓ, ਟੁਮ ਕੋ ਕਿਸ ਨੇ ਬਟਾਇਆ ਕਿ ਗਵਰਨਰ ਨੇ ਮਨਜ਼ੂਰੀ ਦੀ ਹੈ। ਮਾਲੂਮ ਹੋਟਾ ਹੈ ਕਿ ਤੁਮ ਕੋ ਗ਼ੈਬ ਕੀ ਖ਼ਬਰ ਹੋ ਜਾਟੀ ਹੈ।

ਮੈਂ ਆਖਿਆ—ਜੇ ਤੁਹਾਨੂੰ ਇਹ ਯਕੀਨ ਹੈ ਤਾਂ ਤੁਸੀਂ ਮੈਥੋਂ ਕਿਉਂ ਪੁਛਦੇ ਹੋ ਕਿ ਟੁਮ ਕੋ ਕਿਸ ਨੇ ਬਤਾਇਆ ਹੈ ?

ਖੈਰ ਫ਼ਾਲਤੂ ਫੁਰੂਆਤ ਵਿਚ ਕਾਹਨੂੰ ਪੈਣਾ ਹੈ। ਪੱਕਾ ਰਾਸ਼ਨ ਸੁੱਕਾ ਦੇਣ ਦਾ ਹੁਕਮ ਮੇਰੇ ਹਿਸਟਰੀ ਟਿਕਟ ਤੇ ਲਿਖ ਦਿਤਾ ਗਿਆ।

ਪਰ ਜੇਲ੍ਹਰ ਨੇ ਭਾਂਡੇ ਮੈਨੂੰ ਸਭ ਪਿੱਤਲ ਆਦਿਕ ਦੇ ਦਿਤੇ। ਮੈਂ ਵਾਪਸ ਕਰ ਦਿਤੇ। ਅਤੇ ਉਹਨਾਂ ਦੇ ਥਾਉਂ ਸਰਬ ਲੋਹ ਦੇ ਬਰਤਨ ਤਲਬ ਕੀਤੇ। ਜੇਲ੍ਹਰ ਨੇ ਫੇਰ ਮਿ: ਹਸਬੈਂਡ ਨੂੰ ਚੇਹ ਚਾੜ੍ਹ ਦਿਤਾ। ਪਨਾਲਾ ਫੇਰ ਥਾਂ ਦਾ ਥਾਂ ਹੀ ਰਿਹਾ। ਕੜਾਕੇ ਦਾ ਮੋਰਚਾ ਫੇਰ ਲਗੇ ਦਾ ਲਗਾ। ਲਾਲ ਸਿਆਹੀ ਨਾਲ ਮੇਰੇ ਟਿਕਟ ਉਤੇ ਮੇਰੀ ਬਾਬਤ ਹੁਕਮ-ਅਦੂਲੀ ਅਤੇ ਅੜਬਾਈ (Obstinacy) ਦਾ ਫ਼ਤਵਾ ਦੇ ਦਿਤਾ, ਪਰ ਤੀਜੇ ਦਿਨ ਸਾਡੇ ਸਾਥੀਆਂ ਤੋਂ ਪੁਛ ਗਿਛ ਕਰਕੇ ਉਸ ਨੂੰ ਤਸੱਲੀ ਆਈ ਕਿ ਮੈਂ ਮੁਢ ਤੋਂ ਹੀ ਸਰਬਲੋਹ ਦੇ ਬਰਤਨਾਂ ਵਿਚ ਪ੍ਰਸ਼ਾਦ ਛਕਣ ਅਤੇ ਸਜਾਉਣ ਦੀ ਧਾਰਨਾ ਧਾਰੀ ਹੋਈ ਹੈ। ਮਨਬਾਂਛਤ ਸਰਬਲੋਹੀ ਬਰਤਨ ਬਣਵਾ ਕੇ ਦਿਤੇ। ਅਤੇ ਉਸ ਦਿਨ ਤੋਂ ਸਰਬ ਲੋਹੀ ਬਿਬੇਕ ਪ੍ਰਸ਼ਾਦਾ ਆਪਣੇ ਹਥੀਂ ਤਿਆਰ ਹੋਣ ਲਗ ਗਿਆ। ਕੋਠੀ ਦੇ ਮੂਹਰੇ, ਵੇਹੜੇ ਵਿਚ ਹੀ ਲੰਗਰ ਸਜਿਆ ਕਰੇ। ਸਰਬ ਲੋਹੀ ਅੰਗੀਠੀ ਭੀ ਦਿੱਤੀ ਗਈ ਤੇ ਇਕ ਚੁਲ੍ਹਾ ਭੀ ਅਲਗ ਬਣਾਇਆ ਗਿਆ। ਪ੍ਰਸ਼ਾਦਾ ਸਜਾਉਣ ਸਮੇਂ ਇਕ ਸਿਪਾਹੀ ਅਤੇ ਇਕ ਜਮਾਦਾਰ ਦੀ ਸਪੈਸ਼ਲ ਡਿਊਟੀ ਨਿਗਰਾਨੀ ਰਖਣ ਲਈ ਲਗਾਈ ਗਈ। ਇਸ ਬਿਧ ਪ੍ਰਸ਼ਾਦਾ ਆਪਣੇ ਹਥੀਂ ਸਜਾਉਣ ਦਾ ਮੋਰਚਾ ਫਤਹ ਹੋ ਗਿਆ।

## *ਸਿਪਾਹੀਆਂ ਦਾ ਸਿਖੀ ਨਾਲ ਪ੍ਰੇਮ ਹੋਣਾ—*

ਏਤਨੇ ਤਨਕ ਜਿਹੇ ਸਮੇਂ ਅੰਦਰ ਹੀ ਬਹੁਤ ਸਾਰੇ ਬਿਹਾਰੀ ਸਿਪਾਹੀ ਅਤੇ ਸਰਕਾਰੀ ਅਮਲੇ ਵਾਲੇ ਜੇਲ੍ਹ ਚਾਕਰ ਖਾਲਸੇ ਦੀ ਖਾਸੀ ਹਮਦਰਦੀ ਕਰਨ ਲਗ ਪਏ। ਕਈ ਖਾਸ ਖਾਸ ਸਜਣ ਤਾਂ ਗੁਰਬਾਣੀ ਦੀਆਂ ਧੁੰਨੀਆਂ ਸੁਣ ਸੁਣ ਗੁਰਸਿਖੀ ਦੇ ਸਚੇ ਆਸ਼ਕ ਹੋ ਖੜੋਤੇ, ਕਈ ਸਿਪਾਹੀਆਂ ਨੇ ਕੇਸ ਰਖ ਲਏ ਅਤੇ ਕਈਆਂ ਨੇ ਧੂਮਰ ਪਾਨ (ਤਮਾਕੂ ਪੀਣਾ) ਤਿਆਗ ਦਿਤਾ। ਇਹ ਸਭ ਕੁਛ ਬਿਨਾਂ ਉਪਦੇਸ਼ ਦੇ ਹੀ ਹੋਇਆ। ਖਾਲਸਾ ਜੀ ਦੀ ਰਹਿਣੀ ਬਹਿਣੀ ਅਤੇ ਕਰਨੀ ਪੇਖ ਪੇਖ ਹੀ ਉਨ੍ਹਾਂ ਨੂੰ ਗੁਰਸਿਖੀ ਰਹਿਤ ਬਹਿਤ ਦੀ ਰੀਝ ਆ ਗਈ।



www.AKJ.Org

*ਸਿਪਾਹੀ ਰਾਧਾ ਸਿੰਘ–*

ਸਭ ਤੋਂ ਸਰੇਸ਼ਟ ਮੂਰਤੀ ਇਕ ਰਾਧਾ ਸਿੰਘ ਨਾਮੇ ਸਿਪਾਹੀ ਦੀ ਉਜਾਗਰ ਹੋਈ। ਇਸ ਰਾਧਾ ਸਿੰਘ ਦਾ ਪਹਿਲਾਂ ਹੀ ਸਾਧੂ ਸੁਭਾਉ ਸੀ। ਪਹਿਰਿਆਂ ਸਮੇਂ ਸੁਖਮਨੀ ਸਾਹਿਬ ਆਦਿਕ ਬਾਣੀਆਂ ਦਾ ਪਾਠ ਸੁਣ ਸੁਣ ਮਾਨੋ ਇਹ ਸਜਣ ਪਾਰਸ ਪਰਸ ਕੇ ਕੰਚਨ ਹੋਣ ਲਗ ਪਿਆ। ਪਹਿਰੇ ਤੇ ਹੁੰਦਾ ਹੋਇਆ ਤਿੰਨ ਤਿੰਨ ਘੰਟੇ ਇਕੋ ਆਸਣ ਬੈਠਾ ਪਾਠ ਸੁਣਦਾ ਰਹਿੰਦਾ। ਇਸ ਪ੍ਰੇਮੀ ਦੀ ਪ੍ਰੇਮ ਕਥਾ ਦਾ ਇਕ ਵਖਰਾ ਪੁਸਤਕ ਤਿਆਰ ਹੋ ਸਕਦਾ ਹੈ। ਪੂਰਬ ਜਨਮ ਦਾ ਵਿਛੜਿਆ ਵੀਰ ਸੀ। ਕੇਵਲ ਏਥੇ ਹੀ ਆਣ ਕੇ ਮਿਲਣਾ ਸੀ। ਇਹ ਤਾਂ ਆਖੇ ਕਿ ਅਸਾਡੀ ਹੀ ਕਲਿਆਣ ਖ਼ਾਤਰ ਤੁਸੀਂ ਏਥੇ ਹਜ਼ਾਰੀ ਬਾਗ ਚਲ ਕੇ ਆਏ ਹੋ। ਘੰਟਿਆਂ ਬੱਧੀ ਮੇਰੇ ਕੋਲ ਆ ਕੇ ਪ੍ਰੇਮ ਬਿਲਾਸ ਕਰਿਆ ਸੁਣਿਆ ਕਰੇ। ਇਸ ਦੀ ਆਤਮ ਬਿਰਤੀ ਨੂੰ ਨਿਹਾਰ ਕੇ ਸਭੇ ਲੋਕ, ਕੀ ਜੇਲ੍ਹ-ਕਰਮਚਾਰੀ ਕੀ ਜੇਲ੍ਹ-ਕੈਦੀ, ਭੀ ਇਸ ਨੂੰ ਸਾਧੂ ਰਾਧਾ ਸਿੰਘ ਕਹਿ ਕੇ ਪੁਕਾਰਨ ਲਗ ਪਏ। ਇਹ ਪਹਿਲਾ ਹੀ ਜ਼ਾਤ ਦਾ ਛੱਤਰੀ ਸੀ, ਹੁਣ ਸੱਚਾ ਛੱਤਰੀ ਬਣਨ ਲਈ ਨਿਤਰ ਪਿਆ। ਸਾਰੇ ਪਰਵਾਰ ਨੂੰ ਭੀ ਇਸ ਨੇ ਖਾਲਸਾ ਸਜਣ ਲਈ ਤਿਆਰ ਬਰ ਤਿਆਰ ਕਰ ਲਿਆ। ਇਸ ਦੇ ਕਈ ਭਾਈ ਭਤੀਜੇ ਜੇਲ੍ਹ ਪੁਲਿਸ ਵਿਚ ਜੋ ਸਿਪਾਹੀ ਸਨ, ਸੋ ਭੀ ਸਣੇ ਸਣੇ ਕੇਸਾਧਾਰੀ ਹੋ ਗਏ। ਕਈਆਂ ਨੇ ਬਾਣੀਆਂ ਕੰਠ ਕਰ ਲਈਆਂ। ਗੱਲ ਕੀ, ਇਸ ਬਿਧ ਸਤਿਸੰਗ ਦਾ ਸੋਹਣਾ ਚਰਚਾ ਪਰਚਾ ਬਣਿਆ ਰਿਹਾ। ਅਤੇ ਕੁਛ ਸਮਾਂ ਖਾਸੀ ਅਮਨ ਚੈਨ ਨਾਲ ਲੰਘਿਆ। ਕੋਠੀਆਂ ਦੇ ਅੰਦਰ ਬੈਠਿਆਂ ਹੀ ਵਿਹਾਉਂਦੀ ਰਹੀ। ਬਾਹਰ ਤਾਂ ਟਹਿਲਣ ਲਈ ਭੀ ਕੋਈ ਨਹੀਂ ਸੀ ਨਿਕਲਣ ਦਿੰਦਾ।

੧੯੨੦ ਤਾਈਂ ਅਸੀਂ ਕੋਠੀਆਂ ਦੀ ਚਾਰ ਦੀਵਾਰੀ ਅੰਦਰ ਹੀ ਤੜੇ ਤੜਾਏ ਰਹਿੰਦੇ ਰਹੇ। ਜੋ ਬੇੜੀਆਂ ਜੇਲ੍ਹ ਤੋੜਨ ਤੋਂ ਪਿਛੋਂ ਫੇਰ ਲਗ ਗਈਆਂ ਸਨ, ਪੈਰਾਂ ਦਾ ਗਹਿਣਾ ਹੀ ਬਣ ਗਈਆਂ। ਨਾ ਕੋਈ ਉਤਾਰੇ ਨਾ ਅਸੀਂ ਹੀ ਉਤਰਵਾਈਏ। ਭਲਾ ਗਹਿਣਿਆਂ ਨੂੰ ਕੌਣ ਉਤਰਵਾਏ।

["ਜੇਲ੍ਹ ਚਿੱਠੀਆਂ" ਪੁਸਤਕ ਵਿਚੋਂ

---

# ਸਚਖੰਡ ਧਰਤੀ ਤੇ ਵਸਾਇਆ ਰਾਮਦਾਸ ਪੁਰ

[ਗਿਆਨੀ ਗੋਪਾਲ ਸਿੰਘ ਜੀ 'ਮਿੱਤਰ', ਮਾਲਬ ਜ਼ਿਲਾ ਗੁੜਗਾਉਂ]

ਸੋਢੀ ਸੁਲਤਾਨ ਧੰਨ ਧੰਨ ਗੁਰੂ ਰਾਮਦਾਸ, ਸਚਖੰਡ ਧਰਤੀ ਤੇ ਵਸਾਇਆ ਰਾਮਦਾਸ ਪੁਰ।
ਧੁੰਮਾਂ ਪਈਆਂ ਦੇਸ ਪਰਦੇਸਾਂ ਵਿਚ ਖਬਰ ਹੋਈ, ਸੋਹਣਾ ਨਗਰ ਜੱਗ ਤੇ ਸੁਹਾਇਆ ਰਾਮਦਾਸ ਪੁਰ।
ਖੱਤ੍ਰੀ ਤੇ ਬ੍ਰਾਹਮਣ ਸੂਦ ਵੈਸ ਚਾਰੇ ਵਰਨ ਆ ਕੇ ਵਸੇ ਜਿਥੇ ਸਭ ਦੇ ਮਨ ਭਾਇਆ ਰਾਮਦਾਸ ਪੁਰ।
ਵਧੀ ਸੌਦਾਗਰੀ ਤੇ ਬਣ ਗਈ ਵਪਾਰ-ਮੰਡੀ, ਵਧਦਾ ਗਿਆ ਤੇਜ ਸਵਾਇਆ ਰਾਮਦਾਸ ਪੁਰ।੧।
ਪੂਰਨ ਖਟਾਇਆ ਤਾਲ ਸੋਹਣਾ ਅਸਥਾਨ ਵੇਖ, ਪਹਿਲਾਂ ਜਿਥੇ ਆਦਿ ਗੁਰੂ ਜੋਤਾਂ ਸੀ ਜਗਾਈਆਂ।
'ਧੰਨ ਗੁਰੂ ਰਾਮਦਾਸ' ਰਸਨਾ ਤੋਂ ਉਚਾਰਦੀਆਂ, ਸੇਵਾ ਲਈ ਸੰਗਤਾਂ ਦੂਰੋਂ ਦੂਰੋਂ ਚਲ ਆਈਆਂ।
ਪੁਜ ਪੁਜ ਸਤਿਗੁਰ ਸਰਣ ਜਸ ਸ੍ਰਵਣ ਕਰ, ਦਾਤਾਂ ਲੈ ਕੇ ਸਿਮਰਨ ਦੀਆਂ ਦੂਣੀਆਂ ਸਵਾਈਆਂ।
ਦੇਂਦੀਆਂ ਸੁਨੇਹੇ ਜਾ ਕੇ "ਨਾਇਐ ਰਾਮਦਾਸ ਸਰ" 'ਰਾਮਦਾਸ ਪੁਰ' ਦੀਆਂ ਕਰਨ ਵਡਿਆਈਆਂ।੨।
'ਰਾਮਦਾਸ ਸਰ' ਹੈ ਜੋ ਸਿਦਕੀਆਂ ਲਈ 'ਕਲਪਤਰੁ', ਜਿਥੇ ਨ੍ਹਾ ਕੇ ਹੰਸ ਰੂਪ ਹੁੰਦੇ ਡਿੱਠੇ ਕਾਗ ਨੇ।
ਸੋਹਣਾ ਹਰਿਮੰਦਰ ਜਿਹਦੀ ਸ਼ੋਭਾ ਅਨੂਪਮ ਹੈ, ਮਿਲਣ ਭੋਗ ਮੋਖ ਸਹਿਜ ਪਿਆਰ ਵੈਰਾਗ ਨੇ।
ਜੁੜ ਜਗਿਆਸੂਆਂ ਦੀ ਸੁਰਤ ਨਿਜਾਨੰਦ ਵਿਚ, ਸ਼ਬਦ ਪਾ ਕੇ ਗਾਏ ਜਾਂਦੇ ਰਹੱਸ-ਮਈ ਰਾਗ ਨੇ।
ਸਿਦਕ ਨਾਲ ਜਿਹੜਾ ਏਸ ਦਰ ਤੇ ਝੁਕਾਏ ਸੀਸ, ਜਾਗ ਪੈਂਦੇ 'ਮਿੱਤਰ' ਉਹਦੇ ਸੁੱਤੇ ਹੋਏ ਭਾਗ ਨੇ।੩।



www.AKJ.Org

# ਗੁਰਬਾਣੀ ਦੇ ਚਾਨਣ ਵਿਚ ਸਿਮਰਨ

[ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

ਸਿਮਰਨ ਦੇ ਸਬੰਧ ਵਿੱਚ ਗੁਰਬਾਣੀ ਦਾ ਨਿਰਣਾ ਬੜਾ ਸਪਸ਼ਟ ਹੈ :–

ਮਰਣੰ ਬਿਸਰਣੰ ਗੋਬਿੰਦਹ ॥ ਜੀਵਣੰ ਹਰਿ ਨਾਮ ਧ੍ਯਾਵਣਹ ॥੧੫॥

(ਗਾਥਾ ਮ: ੫, ਪੰਨਾ ੧੩੬੧)

ਭਾਵ ਜੀਉਣਾ ਕੀ ਹੈ ? ਨਾਮ ਦਾ ਸਿਮਰਨ ਕਰਨਾ। ਮਰਨਾ ਕੀ ਹੈ ? ਨਾਮ ਨੂੰ ਵਿਸਾਰ ਦੇਣਾ। ਸੋ ਸਿਮਰਨ ਜੀਵਨ ਦੀ ਮੁਢਲੀ ਤੇ ਪ੍ਰਮੁਖ ਲੋੜ ਹੈ।

ਆਏ ਦਿਨ ਲੋਕਾਂ ਨੂੰ ਸਵਾਲ ਕਰਦੇ ਸੁਣੀਦਾ ਹੈ, (੧) ਸਿਮਰਨ ਕੀ ਹੈ ? (੨) ਸਿਮਰਨ ਕਿਸ ਦਾ ਕੀਤਾ ਜਾਏ ? (੩) ਸਿਮਰਨ ਕਰਨਾ ਕਿਉਂ ਜ਼ਰੂਰੀ ਹੈ ? (੪) ਸਿਮਰਨ ਕਿਵੇਂ ਕੀਤਾ ਜਾਏ ? (੫) ਸਿਮਰਨ ਕਰਨ ਦਾ ਕੀ ਲਾਭ ਹੈ ? ਅਤੇ ਨਾ ਕਰਨ ਦਾ ਕੀ ਨੁਕਸਾਨ ? ਗੁਰਬਾਣੀ ਵਿਚੋਂ ਇਨ੍ਹਾਂ ਸਵਾਲਾਂ ਦੇ ਉਤਰ ਲਭ ਕੇ ਪੇਸ਼ ਕੀਤੇ ਜਾਂਦੇ ਹਨ।

## ਪਹਿਲਾ ਸਵਾਲ ਹੈ, ਸਿਮਰਨ ਕੀ ਹੈ ?

ਸਿਮਰਨ ਸ਼ਬਦ ਦਾ ਅੱਖਰੀ ਅਰਥ ਹੈ : "ਕਿਸੇ ਗੱਲ ਨੂੰ ਬਾਰ ਬਾਰ ਚੇਤੇ ਕਰ ਕੇ ਆਪਣੀ ਯਾਦ ਵਿਚ ਲੈ ਜਾਣਾ।" ਅਧਿਆਤੱਮਵਾਦ ਵਿਚ ਸਿਮਰਨ ਦਾ ਅਰਥ ਹੈ ਪਰਮਾਤਮਾ ਅਥਵਾ ਉਸਦੇ ਨਾਮ ਦਾ ਚਿੰਤਨ ਕਰਨਾ।

## ਦੂਜਾ ਸਵਾਲ ਹੈ, ਸਿਮਰਨ ਕਿਸ ਦਾ ਕੀਤਾ ਜਾਏ ?

ਮਨੁਖੀ ਸਰੀਰ ਵਿਚ ਵਿਧਾਤਾ ਵਲੋਂ ਚਾਰ ਵਚਿਤਰ ਜੰਤਰ ਫਿਟ ਕੀਤੇ ਹੋਏ ਹਨ, 'ਸੁਰਤਿ', 'ਮਤਿ', 'ਮਨ' ਅਤੇ 'ਬੁਧਿ'। ਸੁਰਤਿ ਅਤੇ ਮਨ ਦੋਹਾਂ ਦਾ ਸੁਭਾਵਕ ਕਰਤਵ, ਨਿਰੰਤਰ ਚਿੰਤਨ ਕਰਦੇ ਰਹਿਣਾ ਹੈ। ਏਥੋਂ ਤਾਈਂ ਕਿ ਨੀਂਦ ਵਿਚ ਵੀ ਚਿੰਤਨ ਹੁੰਦਾ ਰਹਿੰਦਾ ਹੈ। ਗੁਰਬਾਣੀ ਇਸ ਅਟੱਲ ਸਚਾਈ ਨੂੰ ਨਿਰੂਪਣ ਕਰ ਕੇ ਸਾਨੂੰ ਸਹੀ ਸਿਮਰਨ ਦੀ ਸੇਧ ਬਖਸ਼ਦੀ ਹੈ :–

ਚਿੰਤਤ ਹੀ ਦੀਸੈ ਸਭੁ ਕੋਇ ॥ ਚੇਤਹਿ ਏਕੁ ਤਹੀ ਸੁਖੁ ਹੋਇ ॥੨੩॥

ਰਾਮਕਲੀ ਦਖਣੀ ਓਅੰਕਾਰ ਮ: ੧, ਪੰਨਾ ੯੩੨

ਇਸ ਤੁਕ ਵਿਚ 'ਏਕੁ', ਰਹਸ-ਮਈ ਸ਼ਬਦ ਹੈ। ਸੰਸਾਰ ਵਿਚ ਮਨੁਖ ਨੂੰ ਪ੍ਰਭਾਵਤ ਕਰਨ ਵਾਲੀਆਂ ਦੋ ਹੀ ਪ੍ਰਮੁਖ ਸ਼ਕਤੀਆਂ ਹਨ, 'ਬ੍ਰਹਮ' ਅਤੇ 'ਮਾਇਆ'। 'ਬ੍ਰਹਮ', ਮਾਇਆ ਸਮੇਤ ਸਭ ਕਾਸੇ ਦਾ ਕਰਤਾ ਹੈ, ਪਰ ਅਦ੍ਰਿਸ਼ਟ ਹੈ। ਮਾਇਆ, ਭਾਵੇਂ ਬ੍ਰਹਮ ਦੀ ਰਚਨਾ ਹੈ, ਪਰ ਅਨੇਕ ਰੂਪਾਂ ਰੰਗਾਂ ਵਿਚ ਦ੍ਰਿਸ਼ਟਮਾਨ ਹੋ ਕੇ ਵਰਤਦੀ ਹੈ। ਕੁਦਰਤੀ ਗੱਲ ਹੈ ਕਿ ਮਾਇਆ ਦਾ ਮਨੁਖੀ ਮਨ ਉਤੇ ਪ੍ਰਬਲ ਪ੍ਰਭਾਵ ਹੈ। ਇਸ ਪ੍ਰਬਲ ਪ੍ਰਭਾਵ ਅਧੀਨ ਮਨੁਖ ਹਰ ਦਮ ਮਾਇਆ ਹੀ ਮਾਇਆ ਚਿਤਵਦਾ ਰਹਿੰਦਾ ਹੈ, ਗੁਰਵਾਕ–

ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾਂ ਦੰਮ ॥ ਸੋ ਪ੍ਰਭੁ ਚਿਤਿ ਨ ਆਵਈ ਨਾਨਕ ਨਹੀ ਕਰੰਮ ॥੧੯॥

ਸਲੋਕ ਮ: ੫, ਪੰਨਾ ੧੪੨੬

ਗੁਰਬਾਣੀ ਮਨੁਖ ਨੂੰ ਬ੍ਰਹਮ ਅਤੇ ਮਾਇਆ ਦਾ ਯਥਾਰਥ ਗਿਆਨ ਬਖਸ਼ਦੀ ਹੈ ਅਤੇ ਮਾਇਆ ਨੂੰ ਬ੍ਰਹਮ ਦੇ ਮੁਕਾਬਲੇ ਤੁੱਛ ਦਰਸਾ ਕੇ ਬ੍ਰਹਮ ਦੇ ਸਿਮਰਨ ਵਲ ਪ੍ਰੇਰਦੀ ਹੈ :–



www.AKJ.Org

ਇਹ ਬਿਖਿਆ ਦਿਨ ਚਾਰਿ ਛਿਅ ਛਾਡਿ ਚਲਿਓ ਸਭੁ ਕੋਇ ॥੧੫॥

ਗਉੜੀ ਬਾਵਨ ਅਖਰੀ ਮ: ੫, ਪੰਨਾ ੨੫੩

ਤੀਜਾ ਸਵਾਲ ਹੈ ਸਿਮਰਨ ਕਿਉਂ ਕੀਤਾ ਜਾਏ ? ਇਸ ਦੇ ਕਈ ਕਾਰਨ ਹਨ :—

੧. ਮਨੁਖਾ ਦੇਹੀ ਦੀ ਕਦਰ ਕੀਮਤ ਇਸ ਵਿਚ ਵਸਦੀ ਆਤਮਾ ਕਰਕੇ ਹੈ । ਇਹ ਆਤਮਾ, ਪਰਮਾਤਮਾ ਦੀ ਅੰਸ ਹੈ । ਨਾਮ ਸਿਮਰਨ ਇਸ ਲਈ ਜ਼ਰੂਰੀ ਹੈ, ਕਿਉਂਕਿ ਇਹ ਆਤਮਾ ਦੀ ਖ਼ੁਰਾਕ ਹੈ । ਗੁਰਬਾਣੀ ਦਾ ਫ਼ੁਰਮਾਨ ਹੈ :—

ਸਿਮਰਿ ਸਿਮਰਿ ਨਾਮੁ ਬਾਰੰਬਾਰ ॥ ਨਾਨਕ ਜੀਅ ਕਾ ਇਹੈ ਅਧਾਰ ॥੨॥੨੪॥

ਗਉੜੀ ਸੁਖਮਨੀ ਮ: ੫, ਪੰਨਾ ੨੯੫

੨. ਗੁਰਬਾਣੀ ਅਨੁਸਾਰ, ਮਨੁਖਾ ਜਨਮ ਦਾ ਮਨੋਰਥ ਆਤਮਾ ਦਾ ਪ੍ਰਮਾਤਮਾ ਨਾਲ ਮਿਲਾਪ ਹੈ ਅਤੇ ਮਿਲਾਪ ਦਾ ਸਾਧਨ ਕੇਵਲ ਨਾਮ ਸਿਮਰਨ ਹੀ ਹੈ :—

ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥
ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ ॥੧॥

ਆਸਾ ਮ: ੫, ਪੰਨਾ ੧੨

੩. ਗੁਰਬਾਣੀ ਦੇ ਗਿਆਨ ਅਨੁਸਾਰ ਮਾਂ ਦੇ ਪੇਟ ਦੀ ਜਠਰਾਗਨ ਤੋਂ ਜੀਵ ਦੀ ਰਖਿਆ ਸਿਮਰਨ ਨੇ ਹੀ ਕੀਤੀ ਸੀ, ਗੁਰਵਾਕ :—

ਰਚੰਤਿ ਜੀਅ ਰਚਨਾ ਮਾਤ ਗਰਭ ਅਸਥਾਪਨੰ ॥
ਸਾਸਿ ਸਾਸਿ ਸਿਮਰੰਤਿ ਨਾਨਕ ਮਹਾ ਅਗਨਿ ਨ ਬਿਨਾਸਨੰ ॥੧॥੨॥

ਵਾਰ ਜੈਤਸਰੀ ਮਹਲਾ ੫, ਪੰਨਾ ੭੦੬

ਸੰਸਾਰ ਵਿਚ ਮਾਇਆ ਦੀ ਤ੍ਰਿਸ਼ਨਾ ਰੂਪ ਅੱਗ ਹੈ,ਜੋ ਜਠਰਾਗਨ ਜਿੰਨੀ ਹੀ ਭਿਆਨਕ ਹੈ, ਗੁਰਵਾਕ:—

ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥
ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥੨੯॥

ਰਾਮਕਲੀ ਮ: ੩ ਅਨੰਦੁ, ਪੰਨਾ ੯੨੧

ਤ੍ਰਿਸ਼ਨਾ ਅਗਨਿ ਤੋਂ ਰਖਿਆ ਕਰਨ ਲਈ ਵੀ ਕੇਵਲ ਨਾਮ ਸਿਮਰਨ ਹੀ ਸਮਰੱਥ ਹੈ :—

ਪ੍ਰਭ ਕੈ ਸਿਮਰਨਿ ਤ੍ਰਿਸਨਾ ਬੁਝੈ ॥ ਪ੍ਰਭ ਕੈ ਸਿਮਰਨਿ ਸਭੁ ਕਿਛੁ ਸੁਝੈ ॥

ਗਉੜੀ ਸੁਖਮਨੀ ਮ: ੫, ਪੰਨਾ ੨੬੩

ਚੌਥਾ ਸਵਾਲ ਹੈ ਸਿਮਰਨ ਕਿਵੇਂ ਕੀਤਾ ਜਾਏ ?

ਗੁਰਬਾਣੀ ਅਨੁਸਾਰ ਸਿਮਰਨ ਦੀ ਜੁਗਤੀ ਇਹ ਹੈ :—

ਸ੍ਰਵਣੀ ਸੁਣੀਐ, ਰਸਨਾ ਗਾਈਐ, ਹਿਰਦੈ ਧਿਆਈਐ ਸੋਈ ॥੩॥੧੦॥

ਸੋਰਠਿ ਮ: ੫, ਪੰਨਾ ੬੧੧

ਸਿਮਰਨ ਦਾ ਅਰੰਭ ਰਸਨਾ ਦੇ ਜਾਪ ਤੋਂ ਹੁੰਦਾ ਹੈ ਅਤੇ ਇਸ ਦੀ ਵਿਸ਼ੇਸ਼ ਮਹੱਤਤਾ ਹੈ । ਸਵਾਲ ਉਠਦਾ ਹੈ, ਜਾਪ ਕਿਸ ਸ਼ਬਦ ਦਾ ਕਰੀਏ ?

ਨਿਰਸੰਦੇਹ, ਪਰਮਾਤਮਾ ਦੀ ਹਸਤੀ ਅਕਾਰ ਰਹਿਤ ਹੈ, ਪਰ ਗੁਣਾਂ ਦੇ ਅਧਾਰ ਤੇ ਸਤ-ਪੁਰਸ਼ਾਂ ਨੇ



www.AKJ.Org

ਪਰਮਾਤਮਾ ਦੇ ਕਈ ਕਿਰਤਮ ਨਾਮ ਕਥਨ ਕੀਤੇ ਹਨ, ਜੋ ਸਾਰੇ ਦੇ ਸਾਰੇ ਨਮਸਕਾਰ ਜੋਗ ਹਨ। ਗੁਰਮਤਿ ਵਿਚ ਸਿਮਰਨ ਲਈ 'ਗੁਰਮੰਤਰ' ਦੇ ਜਾਪ ਦਾ ਵਿਧਾਨ ਹੈ, ਜੋ ਜਗਿਆਸੂ ਨੂੰ ਗੁਰਦੀਖਿਅਤ ਕੀਤੇ ਜਾਣ ਅਥਵਾ ਪਾਹੁਲ ਦਿਤੇ ਜਾਣ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ, ਕਰਨੀ ਕਮਾਈ ਵਾਲੇ ਪੰਜ ਪਿਆਰਿਆਂ ਵਲੋਂ ਦਿੱਤਾ ਜਾਂਦਾ ਹੈ।

ਗੁਰਮਤਿ ਦੇ ਮਹਾਨ ਵਿਆਖਿਆਕਾਰ ਭਾਈ ਗੁਰਦਾਸ ਜੀ ਦਾ ਕਥਨ ਹੈ :—

ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ ॥ ਵਾਰ ੧੩, ਪਉੜੀ ੨

ਰਸਨਾ ਦੇ ਜਾਪ ਸਮੇਂ ਧਿਆਨ ਕਿਸੇ ਅਕਾਰ ਤੇ ਨਹੀਂ, ਸਗੋਂ ਸ਼ਬਦ ਦੀ ਧੁਨੀ ਵਿਚ ਜੁੜੇ, ਤਾਂ ਹੀ "ਸਬਦੁ ਗੁਰੂ ਸੁਰਤਿ ਧੁਨਿ ਚੇਲਾ" ਦਾ ਰਹਸ ਅਨਭਵ ਹੋ ਸਕਦਾ ਹੈ।

ਇਕਾਗਰ-ਚਿਤ ਹੋ ਕੇ ਭਾਵਨਾ ਨਾਲ ਰਸਨਾ ਦੁਆਰਾ ਕੀਤੇ ਜਾਪ ਦੀ ਇਹ ਪਾਰਸ ਕਲਾ ਵਰਤਦੀ ਹੈ ਕਿ ਮਨ ਫੁਰਨੇ ਕਫੁਰਨੇ ਛਡ ਕੇ ਸਿਮਰਨ ਵਿਚ 'ਗਿਝ ਜਾਂਦਾ ਹੈ। ਸਿਮਰਨ ਦੀ ਬਰਕਤ ਨਾਲ ਮਨ ਮਾਇਆ ਦੀ ਗੂੜ੍ਹੀ ਨੀਂਦ ਵਿਚੋਂ ਜਾਗ ਉਠਦਾ ਹੈ। ਗੁਰਵਾਕ :—

ਸੁਤੜੇ ਅਸੰਖ ਮਾਇਆ ਝੂਠੀ ਕਾਰਣੇ ॥ ਨਾਨਕ ਸੇ ਜਾਗੰਨਿ੍ ਜਿ ਰਸਨਾ ਨਾਮੁ ਉਚਾਰਣੇ ॥੧੩॥

ਸਲੋਕ ਮਹਲਾ ੫, ਪੰਨਾ ੧੪੨੫

ਗੁਰਬਾਣੀ ਦੇ ਪਾਠ ਅਥਵਾ ਕੀਰਤਨ ਦੁਆਰਾ ਪ੍ਰਭੂ ਦੇ ਗੁਣਾਂ ਦਾ ਗਾਇਨ ਕਰਨਾ ਵੀ ਸਿਮਰਨ ਦਾ ਹੀ ਅੰਗ ਹੈ। ਫੁਰਮਾਨ ਹੈ :—

ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ ॥੧॥ਰਹਾਉ॥

ਬਿਲਾਵਲੁ ਮ: ੩, ਪੰਨਾ ੭੯੭

ਇਕਾਗ੍ਰਤਾ ਦੇ ਦ੍ਰਿਸ਼ਟੀ-ਕੋਣ ਤੋਂ ਅੰਮ੍ਰਿਤ ਵੇਲਾ ਸਿਮਰਨ ਲਈ ਸਭ ਤੋਂ ਯੋਗ ਸਮਾਂ ਹੈ। ਅੰਮ੍ਰਿਤ ਵੇਲੇ ਦਾ ਸਿਮਰਨ ਅਠ-ਪਹਿਰੀ ਚਾਬੀ ਦਾ ਕੰਮ ਕਰਦਾ ਹੈ, ਜਿਸ ਨਾਲ ਸਿਮਰਨ ਦਾ ਪ੍ਰਵਾਹ ਅਠੇ ਪਹਿਰ ਆ-ਮੁਹਾਰੇ ਤੁਰਿਆ ਰਹਿੰਦਾ ਹੈ। ਫਿਰ ਜਦੋਂ ਤਨ ਅਤੇ ਮਨ ਦੋਵੇਂ ਸੁਚੇਤ ਅਤੇ ਇਕ-ਸੁਰ ਹੋ ਕੇ ਸਿਮਰਨ ਵਿਚ ਜੁਟਦੇ ਹਨ ਤਾਂ ਮਨ ਦੀ ਜਨਮਾਂ ਜਨਮਾਂਤਰਾਂ ਦੀ ਮੈਲ ਕਟੀ ਜਾਂਦੀ ਹੈ ਅਤੇ ਨਿਰਮਲ ਹੋਇਆ ਮਨ ਆਪਣੇ ਨਿਜ-ਘਰ, ਭਾਵ ਹਿਰਦੇ ਵਿਚ ਟਿਕ ਜਾਂਦਾ ਹੈ। ਇਥੇ ਮਨ ਨੂੰ ਨਾਮ-ਰਸ ਆਉਣ ਲਗ ਪੈਂਦਾ ਹੈ :—

ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ ॥ ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ ॥

ਗਉੜੀ ਸੁਖਮਨੀ ਮਹਲਾ ੫, ਪੰਨਾ ੨੬੩

ਰਸ ਦਾ ਮਤਵਾਲਾ ਮਨ ਅਠੇ ਪਹਿਰ, ਨਾਮ ਸਿਮਰਨ ਵਿਚ ਗੜੂੰਦ ਰਹਿੰਦਾ ਹੈ। ਐਉਂ ਨਾਮ ਚਿਤ ਵਿਚ, ਸੁਰਤੀ ਵਿਚ, ਪ੍ਰਾਣਾਂ ਵਿਚ, ਅਥਵਾ ਰੋਮ ਰੋਮ ਵਿਚ ਵਸ ਜਾਂਦਾ ਹੈ। ਅੰਦਰਲੀ ਜੋਤਿ ਪ੍ਰਕਾਸ਼ ਹੋ ਜਾਂਦੀ ਹੈ ਅਤੇ ਸਣੇ ਸਣੇ ਅੰਦਰਲਾ ਪ੍ਰਕਾਸ਼ ਸਾਰੇ ਬ੍ਰਹਿਮੰਡ ਵਿਚ ਸਾਮਰਤੱਖ ਹੋ ਜਾਂਦਾ ਹੈ। ਗੁਪਤ ਦਸਮ ਦੁਆਰ ਪਰਗਟ ਹੋ ਜਾਂਦਾ ਹੈ। ਏਥੇ ਆ ਕੇ ਜੀਵ ਦੀ ਹਉਮੈ ਦਾ ਮੂਲੋਂ ਹੀ ਅਭਾਵ ਹੋ ਜਾਂਦਾ ਹੈ। ਬਸ, ਹਉਮੈ ਦਾ ਪੜਦਾ ਵਿਚੋਂ ਨਿਕਲਣ ਦੀ ਦੇਰ ਸੀ ਕਿ ਆਤਮਾ ਅਤੇ ਪਰਮਾਤਮਾ ਇਕ-ਮਿਕ ਹੋ ਗਏ :—

ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ ॥
ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ ॥੪॥੧॥

ਮਲਾਰ ਮ: ੪, ਪੰਨਾ ੧੨੬੩



www.AKJ.Org

ਅਤੇ ਨਾ ਕਰਨ ਦਾ ਕੀ ਨੁਕਸਾਨ ?

ਗੁਰਬਾਣੀ ਸਿਮਰਨ ਦੀ ਸ਼ਕਤੀ ਅਤੇ ਮਨੁਖ ਨੂੰ ਉਸਦੇ ਲਾਭ ਬਾਰੇ ਇਹ ਗਿਆਨ ਬਖਸ਼ਦੀ ਹੈ :–

ਘੋਰ ਦੁਖੵੰ, ਅਨਿਕ ਹਤੵੰ, ਜਨਮ ਦਾਰਿਦ੍ਰੰ ਮਹਾ ਬਿਖੵਾਦੰ ॥
ਮਿਟੰਤ ਸਗਲ ਸਿਮਰੰਤ ਹਰਿ ਨਾਮੁ ਨਾਨਕ, ਜੈਸੇ ਪਾਵਕ ਕਾਸਟ ਭਸਮੰ ਕਰੋਤਿ ॥

ਸਲੋਕ ਸਹਸਕ੍ਰਿਤੀ ਮ: ੫, ਪੰਨਾ ੧੩੫੫

ਭਾਵ, ਮਨੁਖ ਦੇ ਦੁਖ, ਪਾਪ, ਦਰਿਦ੍ਰ ਅਤੇ ਕਲੇਸ਼ ਨਾਮ ਸਿਮਰਨ ਕਰਨ ਨਾਲ ਐਉਂ ਦਗਧ ਹੋ ਜਾਂਦੇ ਹਨ ਜਿਵੇਂ ਮਣਾਂ ਮੂੰਹੀਂ ਲਕੜੀ ਅੱਗ ਦੀ ਇਕ ਚਿਣਗ ਨਾਲ ਸੜ ਕੇ ਸੁਆਹ ਹੋ ਜਾਂਦੀ ਹੈ।

ਨਾਮ ਤੋਂ ਸਖਣੇ ਮਨੁਖ ਦੀ ਬਿਕਰਾਲ ਤੇ ਤਰਸ-ਜੋਗ ਦਸ਼ਾ ਦਾ ਚਿਤ੍ਰ ਗੁਰਬਾਣੀ ਵਿਚ ਇਸ ਤਰ੍ਹਾਂ ਖਿਚਿਆ ਹੋਇਆ ਹੈ :–

ਦੁਲਭ ਦੇਹ ਪਾਈ ਵਡਭਾਗੀ ॥ ਨਾਮੁ ਨ ਜਪਹਿ ਤੇ ਆਤਮਘਾਤੀ ॥੧॥
ਮਰਿ ਨ ਜਾਹੀ ਜਿਨਾ ਬਿਸਰਤ ਰਾਮ ॥ ਨਾਮ ਬਿਹੂਨ ਜੀਵਨ ਕਉਨ ਕਾਮ ॥੧॥ਰਹਾਉ॥
ਖਾਤ ਪੀਤ ਖੇਲਤ ਹਸਤ ਬਿਸਥਾਰ ॥ ਕਵਨ ਅਰਥ ਮਿਰਤਕ ਸੀਗਾਰ ॥੨॥
ਜੋ ਨ ਸੁਨਹਿ ਜਸੁ ਪਰਮਾਨੰਦਾ ॥ ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ ॥੩॥
ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ ॥ ਕੇਵਲ ਨਾਮੁ ਰਿਦ ਮਾਹਿ ਸਮਾਇਆ ॥੪॥੪੨॥੧੧੧॥

ਗਉੜੀ ਮ: ੫, ਪੰਨਾ ੧੮੮

ਭਾਵ, ਨਾਮ ਤੋਂ ਵਿਰਵਾ ਮਨੁੱਖ ਆਤਮ-ਘਾਤੀ ਹੈ ਤੇ ਉਹ ਪਸੂ ਪੰਖੀ ਅਤੇ ਟੇਢੀਆਂ ਜੂਨਾਂ ਦੇ ਜੀਵ ਜੰਤੂਆਂ ਤੋਂ ਵੀ ਮੰਦਾ ਹੈ। ਉਸ਼ਦਾ ਖਾਣ, ਪੀਣ, ਪਹਿਨਣ ਸਭ ਫਿਟਕਾਰ ਜੋਗ ਹੈ।

**ਸਾਰ ਸਿਟਾ–**

੧. ਨਾਮ ਸਿਮਰਨ ਮਨੁੱਖ ਦੀ ਬੁਨਿਆਦੀ ਅਤੇ ਪ੍ਰਮੁਖ ਲੋੜ ਹੈ।
੨. ਨਾਮ ਸਿਮਰਨ ਭਾਵੇਂ ਰਸਨਾ ਦੁਆਰਾ ਹੋਵੇ ਭਾਵੇਂ ਮਨ, ਹਿਰਦੇ ਜਾਂ ਸੁਰਤਿ ਦੁਆਰਾ, ਮਨ ਹਾਜ਼ਰ ਰਵ੍ਹੇ ਅਤੇ ਧਿਆਨ ਸ਼ਬਦ ਦੀ ਧੁਨੀ ਵਿਚ ਰਹੇ।
੩. ਨਾਮ ਸਿਮਰਨ ਵਾਹਿਗੁਰੂ ਨਾਲ ਮਿਲਾਪ ਦਾ ਸਿਰਮੌਰ ਸਾਧਨ ਹੈ।
੪. ਨਾਮ ਇਕ ਪਾਸੇ ਸਰਬ ਮਨੋਰਥ ਪੂਰਨਹਾਰ ਹੈ ਅਤੇ ਦੂਜੇ ਪਾਸੇ ਸਾਰੇ ਤਾਪ ਪਾਪ, ਰੋਗ ਸੋਗ, ਕਾਲ ਜਾਲ, ਭਰਮ ਭਉ ਮੇਟਣਹਾਰ ਹੈ। ਇਸ ਲਈ ਹਲਤ ਪਲਤ ਵਿਚ ਸਹਾਈ ਹੈ।
੫. ਨਾਮ ਤੋਂ ਵਿਰਵਾ ਮਨੁੱਖ, ਮਨੁਖੀ ਜਾਮੇ ਵਿਚ ਪਸ਼ੂ ਸਮਾਨ ਹੈ। ਨਹੀਂ ਨਹੀਂ ਚਲਦੀ ਫਿਰਦੀ ਮਨੁਖੀ ਲਾਸ਼ ਹੈ। ਉਸ ਦੀ ਲੋਕ ਪ੍ਰਲੋਕ ਵਿਚ ਖੁਆਰੀ ਹੀ ਹੁੰਦੀ ਹੈ।

[ਆਲ ਇੰਡੀਆ ਰੇਡੀਉ ਜਲੰਧਰ ਤੋਂ ਧੰਨਵਾਦ ਸਹਿਤ

# ਸ਼ਰਾਬ ਵਾਂਗ ਤਮਾਕੂ ਵੀ ਭਿਆਨਕ ਜ਼ਹਿਰ ਹੈ

ਆਲ ਇੰਡੀਆ ਰੇਡੀਉ (AIR) ਅੱਜ ਕਲ੍ਹ ਖ਼ਬਰਾਂ ਤੋਂ ਪਹਿਲੇ ਸ਼ਰਾਬ ਬਾਰ ਐਲਾਨ ਕਰਦਾ ਰਹਿੰਦਾ ਹੈ ਕਿ ਸ਼ਰਾਬ ਕੈਂਸਰ ਤੇ ਦਿਲ ਦੀ ਬੀਮਾਰੀ ਪੈਦਾ ਕਰਦੀ ਹੈ।

ਸ਼ਰਾਬ ਵਾਂਗ ਹੀ ਤਮਾਕੂ ਬਾਰੇ ਵੀ ਕਹਿਣਾ ਚਾਹੀਦਾ ਹੈ, ਜਿਸ ਨਾਲ ਦਿਲ, ਦਿਮਾਗ, ਫੇਫੜੇ, ਜਿਗਰ, ਸਭ ਕੁਝ ਹੀ ਖ਼ਰਾਬ ਹੋ ਜਾਂਦਾ ਹੈ। ਜਿਸ ਕਿਸੇ ਨੂੰ ਸਿਗਰਟ ਤਮਾਕੂ ਦਾ ਧੂੰਆਂ ਵੀ ਦਿਤਾ ਜਾਂਦਾ ਹੈ, ਉਹ ਵੀ ਇਨ੍ਹਾਂ ਬੀਮਾਰੀਆਂ ਦਾ ਸ਼ਿਕਾਰ ਹੋ ਜਾਂਦਾ ਹੈ। ਇਹ ਖੋਜ ਹੁਣੇ ਜਿਹੇ ਅਮਰੀਕਾ ਦੇ ਸਾਇੰਸਦਾਨਾਂ ਨੇ ਕੀਤੀ ਹੈ।

www.AKJ.Org

# ਸਚਹੁ ਓਰੈ ਸਭੁ ਕੋ (ਭਾਗ ਦੂਜਾ)

[ਪ੍ਰਿੰਸੀਪਲ ਗੁਰਮੁਖ ਸਿੰਘ ਜੀ]

ਸੱਚ ਆਚਾਰ ਦੇ ਗੁਰਮਤਿ ਪੱਖ ਨੂੰ ਵਿਚਾਰਨ ਤੋਂ ਉਪਰੰਤ ਹੁਣ ਭਿੰਨ ਭਿੰਨ ਸਮਕਾਲੀ ਧਰਮਾਂ ਦੇ 'ਸਚ ਆਚਾਰ' ਤੇ ਝਾਤ ਮਾਰਨੀ ਦਿਲਚਸਪ ਹੋਵੇਗੀ ਤੇ ਇਹ ਨੁਕਤਾ ਸਹਜੇ ਹੀ ਸਮਝ ਆ ਸਕੇਗੀ ਕਿ ਆਖ਼ਰ ਗੁਰੂ ਜੀ ਆਪਣੇ ਸਮਕਾਲੀ ਸਚ-ਆਚਾਰੀਆਂ ਜਾਂ ਸਦਾਚਾਰੀਆਂ ਦੇ ਅਮਲੀ ਜੀਵਨ ਵਿਚ ਕੀ ਘਾਟ ਵੇਖਦੇ ਸਨ, ਜਿਸ ਕਰਕੇ ਉਹਨਾਂ ਨੂੰ "ਸਚਹੁ ਓਰੈ ਸਭੁ ਕੋ" ਕਹਿਣਾ ਪਿਆ। ਭਾਈ ਗੁਰਦਾਸ ਜੀ ਨੇ ਭੀ ਸੰਕੇਤ ਕੀਤਾ ਹੈ :

ਹਉਮੈ ਅੰਦਰਿ ਸਭਿ ਕੋ, ਡੁਬੇ ਗੁਰੂ ਸਣੇ ਬਹੁ ਚੇਲੇ ॥
ਗੁਰਮੁਖਿ ਕੋਇ ਨ ਦਿਸਈ, ਢੂੰਡੇ ਤੀਰਥਿ ਜਾਤ੍ਰੀ ਮੇਲੇ ॥
ਡਿਠੇ ਹਿੰਦੂ ਤੁਰਕਿ ਸਭਿ, ਪੀਰ ਪੈਕੰਬਰਿ ਕਉਮਿ ਕਤੇਲੇ ॥
ਅੰਧੀ ਅੰਧੇ ਖੂਹੇ ਠੇਲੇ ॥ (ਵਾਰ ੧, ਪਉੜੀ ੨੬)

ਜੈਨ ਤੇ ਬੁਧ ਧਰਮ ਹੀ ਲਏ ਜਾਣ। ਜੈਨ ਧਰਮ ਵਿਚ ਸਦਾਚਾਰ ਦੇ ਅਤਿ ਕਰੜੇ ਸਾਧਨ ਦ੍ਰਿੜ੍ਹ ਕਰਵਾਏ ਗਏ ਹਨ–"ਜੈਨ ਮਾਰਗ ਸੰਜਮ ਅਤਿ ਸਾਧਨ ॥" (ਗਉੜੀ ਸੁਖਮਨੀ ਮ: ੫, ਪੰਨਾ ੨੬੫) ਅਹਿੰਸਾ ਨੂੰ ਸਰੇਸ਼ਟ ਨਿਸ਼ਾਨਾ ਮੰਨ ਕੇ ਉਸੇ ਅਨੁਸਾਰ ਜੀਵਨ ਬਤੀਤ ਕਰਨਾ 'ਅਹਿੰਸਾ ਪਰਮੋ ਧਰਮਾ' ਉਹਨਾਂ ਦੀ ਧਾਰਨਾ ਹੈ। ਕਰਮਾਂ ਕਰਕੇ ਹੀ ਮਨੁਖ ਕਰਮ-ਫਲ ਭੋਗਣ ਲਈ ਸੰਸਾਰ ਵਿਚ ਆਉਂਦਾ ਹੈ। ਇਸ ਲਈ ਕਰਮਾਂ ਨੂੰ ਹੀ ਖ਼ਤਮ ਕਰ ਦੇਣਾ ਜੈਨੀ ਸਦਾਚਾਰੀ ਦਾ ਪ੍ਰਮੁਖ ਨਿਸ਼ਾਨਾ ਹੈ। ਇਸ ਸਦਾਚਾਰ ਵਿਚ ਰੱਬ ਦੀ ਕੋਈ ਹੋਂਦ ਨਹੀਂ। ਵਿਅਕਤੀਗਤ ਆਤਮਾਵਾਂ ਹਨ ਜਿਨ੍ਹਾਂ ਨੇ ਕਰਮ-ਚੱਕਰ 'ਚੋਂ ਨਿਕਲਣਾ ਹੈ। ਕਰਮ ਨਹੀਂ ਕਰਨਾ, ਇਸ ਲਈ ਸੰਸਾਰ ਨੂੰ ਛੱਡ ਦੇਣ ਦਾ ਉਪਦੇਸ਼ ਹੈ। ਹਰ ਅਗਾਊਂ ਜੈਨੀ ਸਾਧੂ ਪਦ ਲਈ ਜਤਨ-ਸ਼ੀਲ ਹੁੰਦਾ ਹੈ। ਦਿਗੰਬਰ ਤਾਂ ਕਪੜੇ ਭੀ ਨਹੀਂ ਪਾਉਂਦੇ, ਨਗਨ ਹੀ ਰਹਿੰਦੇ ਹਨ, ਪਰ ਸਵੈਤੰਬਰ ਚਿਟੇ ਕਪੜੇ ਪਹਿਨਦੇ ਹਨ ਤੇ ਇਕ ਹੱਥ ਵਿਚ ਭਿਖ ਮੰਗਣ ਲਈ ਲਕੜੀ ਦੇ ਠੂਠੇ ਤੇ ਦੂਜੇ ਹੱਥ ਵਿਚ ਸੜਕ ਤੇ ਤੁਰਨ ਸਮੇਂ ਕੀੜੇ ਮਕੌੜੇ ਪਰਾਂ ਹਟਾਉਣ ਲਈ ਸੂਤੀ ਧਾਗਿਆਂ ਦੇ ਫੁਮਣ ਰਖਦੇ ਹਨ। ਐਸੇ ਸਦਾਚਾਰੀਆਂ ਦੀ ਸਤਿਗੁਰੂ ਜੀ ਨੇ ਮਲਾਰ ਕੀ ਵਾਰ ਦੀ ਇਕ ਪਉੜੀ ਵਿਚ ਪੰਨਾ ੧੨੮੫ ਤੇ ਜਾਣ ਪਛਾਣ ਕਰਵਾਈ ਹੈ :–

ਇਕਿ ਜੈਨੀ ਉਝੜ ਪਾਇ ਧੁਰਹੁ ਖੁਆਇਆ ॥ ਤਿਨ ਮੁਖਿ ਨਾਹੀ ਨਾਮੁ ਨ ਤੀਰਥਿ ਨਾਇਆ ॥
ਹਥੀ ਸਿਰ ਖੋਹਾਇ ਨ ਭਦੁ ਕਰਾਇਆ ॥ ਕੁਚਿਲ ਰਹਹਿ ਦਿਨੁ ਰਾਤਿ ਸਬਦੁ ਨ ਭਾਇਆ ॥
ਤਿਨਾ ਜਾਤਿ ਨ ਪਤਿ ਨ ਕਰਮੁ, ਜਨਮੁ ਗਵਾਇਆ ॥ ਮਨਿ ਜੂਠੇ ਵੇਜਾਤਿ ਜੂਠਾ ਖਾਇਆ ॥
ਬਿਨੁ ਸਬਦੈ ਆਚਾਰੁ ਨ ਕਿਨਹੀ ਪਾਇਆ ॥ ਗੁਰਮੁਖਿ ਓਅੰਕਾਰਿ ਸਚਿ ਸਮਾਇਆ॥੧੬॥
ਵਾਰ ਮਲਾਰ ਮ: ੧, ਪੰਨਾ ੧੨੮੫

ਇਸ ਪਉੜੀ ਦੀਆਂ ਪਹਿਲੀਆਂ ਛੇ ਸਤਰਾਂ ਵਿਚ ਜੈਨੀ ਸਦਾਚਾਰ ਦਾ ਨਕਸ਼ਾ ਖਿਚਿਆ ਹੈ ਕਿ ਉਹ ਕੀ ਕਰਦੇ ਹਨ। ਆਪ ਫੁਰਮਾਉਂਦੇ ਹਨ ਜੈਨੀ ਸਦਾਚਾਰੀ ਧੁਰ ਦਰਗਾਹੋਂ ਹੀ ਕੁਰਾਹੇ ਪਏ ਹੋਏ ਹਨ। ਨਾ ਤਾਂ ਉਹ ਕੋਈ ਨਾਮ ਜਪਦੇ ਹਨ ਤੇ ਨਾ ਹੀ ਸਮੇਂ ਦੇ ਰਿਵਾਜ ਮੁਤਾਬਕ ਤੀਰਥ ਇਸ਼ਨਾਨ ਕਰਦੇ ਹਨ। ਸਿਰ ਦਾ ਇਕ ਇਕ ਵਾਲ ਹੱਥਾਂ ਨਾਲ ਪੁਟ ਪੁਟ ਕੇ ਕਢਦੇ ਹਨ, ਨਾਈ ਪਾਸੋਂ ਹਜਾਮਤ (ਭਦੁ) ਨਹੀਂ ਕਰਵਾਉਂਦੇ। ਉਹ ਇਸ਼ਨਾਨ ਕਰਨ ਤੋਂ ਪਰਹੇਜ਼ ਕਰਦੇ ਹਨ, ਇਸ ਲਈ ਉਹਨਾਂ ਦੇ ਸਰੀਰ ਤੋਂ ਪਸੀਨੇ ਆਦਿ ਦੀ ਬਦਬੂ ਆਉਂਦੀ ਹੈ। ਇਸ਼ਨਾਨ ਦੇ ਨਾਮ ਤੋਂ ਸੱਖਣੇ ਹਨ। ਲੋਕਾਂ ਦਾ ਵਿਸ਼ਵਾਸ ਹੈ ਕਿ ਨਾ



www.AKJ.Org

ਉਹਨਾਂ ਦੀ ਕੋਈ ਜਾਤ ਹੈ ਨਾ ਪਾਤ ਹੈ ਅਤੇ ਉਹਨਾਂ ਨੇ ਆਪਣਾ ਇਹ ਜਨਮ ਗਵਾ ਲਿਆ ਹੈ। ਮਨੋਂ ਉਹ ਜੂਠੇ ਹਨ ਤੇ ਨਿਤ ਲੋਕਾਂ ਤੋਂ ਜੂਠਾ ਮੰਗ ਮੰਗ ਕੇ ਖਾਂਦੇ ਹਨ, ਕਿਉਂਕਿ ਜੇ ਉਹ ਉਹਨਾਂ ਦੇ ਨਮਿਤ ਪਕਿਆ ਲੰਗਰ ਪ੍ਰਸ਼ਾਦਾ ਛਕਣ ਤਾਂ ਉਹਨਾਂ ਨੂੰ ਗੋਹੇ ਅਤੇ ਲਕੜੀ ਅੰਦਰ ਅਨੇਕਾਂ ਪ੍ਰਕਾਰ ਦੇ ਕੀੜਿਆਂ ਦੇ ਅੱਗ ਦੇ ਸੇਕ ਨਾਲ ਖਤਮ ਹੋ ਜਾਣ ਦਾ ਪਾਪ ਲਗ ਸਕਦਾ ਹੈ। ਉਹਨਾਂ ਦਾ ਵਿਚਾਰ ਹੈ ਕਿ ਜੂਠੇ ਭੋਜਨ ਵਿਚ ਇਹੋ ਛੋਟ ਹੈ ਕਿ ਪਾਪ ਮਾਲਕ ਦੇ ਸਿਰ ਰਹਿੰਦਾ ਹੈ, ਮੰਗਤੇ ਦੇ ਸਿਰ ਨਹੀਂ। ਪਰ ਗੁਰੂ ਬਾਬਾ ਜੀ ਨੇ ਜੋਗੀਆਂ ਨੂੰ ਭਿਖਿਆ ਮੰਗ ਮੰਗ ਖਾਣ ਤੋਂ ਪਰਹੇਜ਼ ਕਰਨ ਲਈ ਉਪਦੇਸ਼ ਦਿਤਾ :—

ਜੋਗੀ ਹੋਵਾ ਜਗਿ ਭਵਾਂ ਘਰਿ ਘਰਿ ਭੀਖਿਆ ਲੇਉ ॥
ਦਰਗਹ ਲੇਖਾ ਮੰਗੀਐ ਕਿਸੁ ਕਿਸੁ ਉਤਰੁ ਦੇਉ ॥੧॥੬॥

ਮਾਰੂ ਕੀ ਵਾਰ ਮ: ੩, ਸਲੋਕ ਮ: ੩, ਪੰਨਾ ੧੦੮੯

ਜੈਨੀਆਂ ਪਰਥਾਏਂ ਉਪਰੋਕਤ ਸ਼ਬਦ ਦੀਆਂ ਅੰਤਲੀਆਂ ਦੋ ਪੰਕਤੀਆਂ ਵਿਚ ਉਹਨਾਂ ਦੇ ਸਦਾਚਾਰ ਤੇ ਮਹਾਰਾਜ ਟਿਪਣੀ ਕਰਦੇ ਹਨ ਕਿ ਨਾਮ ਤੋਂ ਸਖਣੇ ਹੋਣ ਕਰਕੇ ਇਹੋ ਜਿਹੇ ਆਚਾਰੀਆਂ ਦਾ ਆਚਾਰ ਕਿਸੇ ਲੇਖੇ ਨਹੀਂ। ਹੁਕਮ ਹੈ—

ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ ॥੩॥ (ਗੂਜਰੀ ਮ: ੧, ਪੰਨਾ ੪੮੯)

ਪਰ ਇਸਦੇ ਟਾਕਰੇ ਤੇ 'ਸਚਿਆਰ' ਗੁਰੂ ਦਾ ਅਨੁਸਾਰੀ ਸਿਖ ਬਣ ਕੇ ਸੱਚ ਵਿਚ ਸਮਾ ਜਾਂਦਾ ਹੈ। ਸਤਿਗੁਰੂ ਜੀ ਇਕ ਬੜੀ ਵੱਡੀ ਸੇਧ ਦੇ ਰਹੇ ਹਨ, ਕਿ ਬਿਨਾ ਹਰਿ ਨਾਮ ਦੇ ਅਜ ਤਕ ਜਿਤਨੇ ਭੀ ਸਦਾਚਾਰੀ ਹੋਏ ਹਨ, ਉਹ ਥੋਥੇ ਦੇ ਥੋਥੇ ਰਹੇ ਹਨ ਤੇ ਇਸ ਲਈ ਗੁਰਮਤਿ ਦੇ ਸਚਿਆਰ ਪੱਦ ਦੇ ਟਾਕਰੇ ਤੇ, ਜਿਨ੍ਹਾਂ ਪਾਸ ਪ੍ਰਭੂ ਨਾਮ ਤੇ ਰਜ਼ਾ ਨਹੀਂ ਹੁੰਦੇ, ਉਹ ਸੱਚ ਵਿਚ ਸਮਾ ਨਹੀਂ ਸਕਦੇ।

ਜੈਨ ਮੱਤ ਤੋਂ ਬਾਅਦ ਭਾਰਤ ਵਿਚ ਬੁਧ ਮੱਤ ਚਲਿਆ। ਮਹਾਤਮਾ ਬੁਧ ਨੇ ਸੰਸਾਰ ਨੂੰ ਦੁਖਾਂ ਦਾ ਘਰ ਦਸਿਆ। ਗੌਤਮ ਬੁਧ ਕਿਸ਼ੋਰ ਅਵਸਥਾ ਵਿਚ ਹੀ ਘਰ ਬਾਰ ਤਿਆਗ ਕੇ ਅਨੇਕਾਂ ਬਰਸ ਜੰਗਲਾਂ ਵਿਚ ਸਾਧੂ ਬਣ ਕੇ ਘੁੰਮਦੇ ਰਹੇ, ਇਹ ਖੋਜ ਕਰਨ ਲਈ ਕਿ ਸੰਸਾਰ ਇਤਨਾ ਦੁਖੀ ਕਿਉਂ ਹੈ ? ਆਖ਼ਰ ਆਪ ਇਸ ਨਤੀਜੇ ਤੇ ਪੁਜੇ ਕਿ ਜੇਕਰ ਮਨੁਖ ਆਪਣੇ ਆਚਾਰ ਵਿਚਾਰ ਨੂੰ ਹੀ ਠੀਕ ਰਖੇ ਤਾਂ ਦੁਖਾਂ ਦਾ ਖ਼ਾਤਮਾ ਕੀਤਾ ਜਾ ਸਕਦਾ ਹੈ। ਉਹਨਾਂ ਦੀਆਂ ਪ੍ਰਮੁਖ ਚਾਰ ਵਡੀਆਂ ਸਚਾਈਆਂ ਇਹ ਹਨ—(੧) ਸੰਸਾਰ ਵਿਚ ਦੁਖ ਹੈ, (੨) ਦੁਖ ਦਾ ਕਾਰਨ ਹੈ, (੩) ਦੁਖ ਦੂਰ ਕੀਤਾ ਜਾ ਸਕਦਾ ਹੈ, (੪) ਅਤੇ ਇਸ ਦੇ ਦੂਰ ਕਰਨ ਦਾ ਤਰੀਕਾ ਕੇਵਲ ਅਸ਼ਟਾਂਗ (ਅਠ-ਅੰਗਾਂ ਵਾਲਾ) ਮਾਰਗ ਹੈ। ਉਹ ਅੱਠ ਅੰਗ ਇਹ ਹਨ :— (੧) ਸਚੀ ਦ੍ਰਿਸ਼ਟੀ, (੨) ਸਚੀ ਭਾਵਨਾ, (੩) ਸਚ ਬੋਲਣਾ, (੪) ਸਚਾ ਵਿਵਹਾਰ, (੫) ਸਚਾ ਨਿਰਵਾਹ ਕਰਨਾ, (੬) ਸਚਾ ਪ੍ਰਯਤਨ ਕਰਨਾ, (੭) ਸਚ ਵਿਚਾਰ ਰਖਣੇ ਅਤੇ (੮) ਸਚਾ ਧਿਆਨ।

ਇਸ ਅੱਠ-ਅੰਗੀ ਸਦਾਚਾਰ ਬਾਰੇ ਗੁਰਬਾਣੀ ਵਿਚ ਅਪ੍ਰੋਖ ਰੂਪ ਵਿਚ (indirect) ਕਈ ਥਾਈਂ ਜ਼ਿਕਰ ਮਿਲਦਾ ਹੈ। ਜਿਵੇਂ :—

ਸਚੀ ਕਿਰਤ ਕਮਾਈ, ਸਚੇ ਸੁਚੇ ਵਿਚਾਰ ਰਖਣੇ, ਮਿਠੇ ਬੋਲ ਬੋਲਣੇ, ਸੁਭ ਕਰਮ ਕਰਨੇ, ਆਦਿ। ਤਕਰੀਬਨ ਹਰ ਧਰਮ ਦੇ ਰਹਿਬਰਾਂ ਨੇ ਸਮਾਜਕ ਤੌਰ ਤੇ ਇਹਨਾਂ ਗੱਲਾਂ ਨੂੰ ਜ਼ਰੂਰੀ ਸਮਝਦੇ ਹੋਏ, ਆਪਣੇ ਆਪਣੇ ਪੈਰੋਕਾਰਾਂ ਨੂੰ ਉਪਦੇਸ਼ ਕੀਤੇ। ਪਰ ਇਸ ਅਸ਼ਟ-ਮਾਰਗੀ ਸਦਾਚਾਰ ਦਾ ਮਨੋਰਥ ਕੇਵਲ ਦੁਖਾਂ ਤੋਂ ਬਚਣਾ ਹੀ ਰਿਹਾ ਹੈ। ਇਹ (Defensive) ਆਪਾ-ਬਚਾਊ ਸਦਾਚਾਰ ਹੈ। ਹਰ ਇਕ ਸਦਾਚਾਰੀ ਨੇ ਆਪ ਦੁਖਾਂ ਤੋਂ ਬਚਣ ਲਈ ਜਤਨ ਕਰਨੇ ਹਨ, ਜਿਸ ਦੇ ਨਤੀਜੇ ਵਜੋਂ ਲੜਾਈ ਝਗੜੇ ਤੋਂ ਰਹਿਤ, ਲੁਟ ਖਸੁਟ ਤੋਂ ਰਹਿਤ ਇਕ ਸਮਾਜ ਦੀ ਉਸਾਰੀ ਦੀ ਕਲਪਨਾ ਕੀਤੀ ਜਾ ਸਕਦੀ ਹੈ, ਪਰ



www.AKJ.Org

ਅਸ਼ਟ-ਮਾਰਗੀ ਸਦਾਚਾਰੀ ਦੇ ਸਰੀਰਕ ਰੋਗ, ਬੁਢਾਪਾ ਅਤੇ ਮੌਤ ਤਾਂ ਅਟੱਲ ਕਰਤਾਰੀ ਹੁਕਮ ਹਨ। ਇਨ੍ਹਾਂ ਦੁਖਾਂ ਨੂੰ ਕਿਵੇਂ ਦੂਰ ਕੀਤਾ ਜਾ ਸਕਦਾ ਹੈ ? ਬੋਧ ਮਾਰਗ ਵਿਚ ਭੀ ਜੈਨੀਆਂ ਵਾਂਙ ਕਰਮਾਂ ਤੋਂ ਬਚਣ ਦਾ ਤਰਲਾ ਹੈ। ਬੋਧੀ ਭੀ ਭਿਖਸ਼ੂ ਬਣ ਕੇ ਸੰਸਾਰ ਦੇ ਗ੍ਰਿਹਸਤ ਜੀਵਨ ਦੇ ਬਖੇੜਿਆਂ ਤੋਂ ਰਿਸ਼ਤਾ ਤੋੜ ਲੈਣਾ ਚੰਗਾ ਸਮਝਦੇ ਹਨ। ਮੱਠਾਂ ਦਾ ਜੀਵਨ ਲੈਬਾਟਰੀ ਪ੍ਰਸਥਿਤੀਆਂ ਦਾ ਜੀਵਨ ਹੁੰਦਾ ਹੈ, ਜਿਥੇ ਇਸਤ੍ਰੀ ਜਾਮੇ ਤੋਂ ਦੂਰ ਰਹਿਣ ਦੇ ਆਦੇਸ਼ ਹੁੰਦੇ ਹਨ।

ਜਿਥੇ ਅਸ਼ਟ-ਮਾਰਗੀ ਸਦਾਚਾਰ ਪ੍ਰਭੂ ਦੀ ਹੋਂਦ ਤੋਂ ਇਨਕਾਰੀ ਹੈ, ਉਥੇ ਇਹ ਮਨੁਖ ਨੂੰ ਆਮ ਸਾਧਾਰਨ ਪੱਧਰ ਦੇ ਜੀਵਨ ਵਿਚ ਭੀ ਬਹੁਤਾ ਸਹਾਈ ਸਿਧ ਨਹੀਂ ਹੋਇਆ। ਜਾਪਦੈ, ਜੈਨ ਤੇ ਬੁਧ ਮੱਤ ਨੇ ਭਾਰਤੀ ਜੀਵਨ ਵਿਚ ਦੋ ਚੀਜ਼ਾਂ ਦਾ ਬੀਜ ਬੋਇਆ—ਇਕ ਤਾਂ ਭਿੱਖ ਮੰਗ ਕੇ ਨਿਰਬਾਹ ਕਰਨਾ, ਤੇ ਦੂਜਾ ਅਹਿੰਸਾ ਦਾ ਜ਼ੋਰਦਾਰ ਪ੍ਰਚਾਰ, ਜਿਸ ਨੇ ਆਮ ਲੋਕਾਂ ਨੂੰ ਇਸ ਕਦਰ ਨਪੁੰਸਕ ਤੇ ਨਿਤਾਣਾ ਬਣਾ ਦਿਤਾ ਕਿ ਉਹ ਵਿਦੇਸ਼ੀ ਜਰਵਾਣਿਆਂ ਅਗੇ ਸਦੀਆਂ ਭਰ ਹਥਿਆਰ ਨਹੀਂ ਚੁਕ ਸਕੇ। ਹੁਣ ਭੀ ਭਾਰਤੀ ਜਨਤਾ ਅਹਿੰਸਾ ਪਰਮੋ ਧਰਮਾ ਦੀ ਪੁਜਾਰੀ ਹੈ। ਮਹਾਤਮਾ ਗਾਂਧੀ ਨੇ ਇਸ ਸਦੀ ਵਿਖੇ ਅਹਿੰਸਾ ਦਾ ਜ਼ੋਰਦਾਰ ਪ੍ਰਚਾਰ ਕੀਤਾ।

ਬੋਧੀ ਸਦਾਚਾਰੀ ਨੂੰ ਅਜ ਭੀ ਸਾਰਾ ਸੰਸਾਰ ਦੁਖੀ ਨਜ਼ਰ ਆਉਂਦਾ ਹੈ। ਸਤਿਗੁਰੂ ਪਾਤਸ਼ਾਹ ਨੇ ਫ਼ੁਰਮਾਇਆ, ਸੰਸਾਰ ਦੁਖੀ ਜ਼ਰੂਰ ਹੈ, ਪਰ ਉਸ ਦੀ ਨਵਿਰਤੀ ਦਾ ਸਾਧਨ ਨਾਲ ਹੀ ਇਉਂ ਹੈ—

ਬਾਲੀ ਰੋਵੈ ਨਾਹਿ ਭਤਾਰੁ ॥ ਨਾਨਕ ਦੁਖੀਆ ਸਭੁ ਸੰਸਾਰੁ ॥
ਮੰਨੇ ਨਾਉ ਸੋਈ ਜਿਣਿ ਜਾਇ ॥ ਅਉਰੀ ਕਰਮ ਨ ਲੇਖੈ ਲਾਇ ॥੧॥੧੪॥

(ਰਾਮਕਲੀ ਕੀ ਵਾਰ, ਸਲੋਕੁ ਮ: ੩, ਪੰਨਾ ੯੫੪)

ਸਚੁ ਆਚਾਰੀ ਦੁਖਾਂ ਤੋਂ ਨੱਸ ਕੇ ਭਜਦਾ ਨਹੀਂ ਅਤੇ ਨਾ ਹੀ ਸੁਖ ਮੰਗਦਾ ਫਿਰਦਾ ਹੈ। ਇਹਨਾਂ ਨੂੰ ਉਹ ਕਰਤੇ ਪੁਰਖ ਦੀ ਦਾਤ ਸਮਝਦਾ ਹੈ। ਉਸ ਕਰਤੇ ਦੇ ਦਰੋਂ ਦੋ ਕਪੜੇ ਮਿਲੇ ਜਾਣ ਕੇ ਦੁਖ ਸੁਖ ਨੂੰ ਆਪਣੇ ਜੀਵਨ ਵਿਚ ਹੰਢਾਦਾ ਹੈ :

ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ ॥
ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ ॥੨॥੨੪॥

(ਮਾਝ ਕੀ ਵਾਰ, ਮ: ੧, ਪੰਨਾ ੧੪੯)

ਫ਼ੁਰਮਾਨ ਹੈ :

ਬੁਰਾ ਨਹੀ ਸਭੁ ਭਲਾ ਹੀ ਹੈ ਰੇ, ਹਾਰ ਨਹੀ ਸਭ ਜੇਤੈ ॥੧॥੨੨॥

(ਕਾਨੜਾ ਮ: ੫, ਪੰਨਾ ੧੩੦੨)

ਬੁਰਾ ਭਲਾ, ਹਾਰ ਜੀਤ, ਦੁਖ ਸੁਖ, ਸਭ ਉਦੋਂ ਤਕ ਹਨ ਜਿੰਨਾ ਚਿਰ ਮਨੁਖ ਉਸ ਸੱਚ ਨਾਲ ਸੁਰ ਨਹੀਂ ਹੁੰਦਾ, ਜਾਂ ਉਸ ਦੀ ਰਜ਼ਾ ਵਿਚ ਆਪਣੀ ਰਜ਼ਾ ਨਹੀਂ ਮਿਟਾ ਦਿੰਦਾ। ਭਾਵ ਜਿੰਨਾ ਚਿਰ ਕਿਸੇ ਸਦਾਚਾਰੀ ਨੂੰ ਸੰਸਾਰ ਦੇ ਦੁਖ ਸੁਖ ਦੇ ਤਮਾਸ਼ੇ ਪਿਛੇ ਇਕ ਵਾਹਿਗੁਰੂ ਜੀ ਦੇ ਅਦ੍ਰਿਸ਼ਟ ਦਰਸ਼ਨ ਨਹੀਂ ਹੁੰਦੇ, ਉਹ ਸਚਹੁ ਓਰੈ ਹੀ ਭਟਕਦਾ ਰਹਿੰਦਾ ਹੈ ਤੇ ਭਟਕਦਾ ਰਹੇਗਾ।

ਸਤਿਗੁਰੂ ਜੀ ਜਦੋਂ ਸਿਧਾਂ ਨੂੰ ਮਿਲੇ ਤਾਂ ਉਹਨਾਂ ਦਾ ਸਦਾਚਾਰ ਆਪਣੇ ਆਖ਼ਰੀ ਦਮਾਂ ਤੇ ਸੀ। ਹੱਠਯੋਗੀ ਬਣੇ ਹੋਏ ਪਹਾੜਾਂ ਵਿਚ ਕਠਨ ਤਪੱਸਿਆ ਤੇ ਆਸਣ ਕਰਦੇ ਸਨ। ਮੈਦਾਨਾਂ ਵਿਚ ਖ਼ਾਸ ਮੌਕਿਆਂ ਤੇ ਉਤਰ ਕੇ ਆਪਣੀਆਂ ਰਿਧੀਆਂ ਸਿਧੀਆਂ ਦਿਖਾ ਕੇ ਲੋਕਾਂ ਨੂੰ ਡਰਾਉਂਦੇ ਹੁੰਦੇ ਸਨ। ਕੀ ਇਹ ਸਦਾਚਾਰ ਆਖਿਆ ਜਾ ਸਕਦਾ ਹੈ ? ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੂੰਹੋਂ ਭਾਈ ਗੁਰਦਾਸ ਜੀ ਨੇ


www.AKJ.Org

ਭੰਗਰ ਨਾਥ ਸਿਧ ਸਦਾਚਾਰੀ ਸਿਧ-ਮੁਖੀ ਨੂੰ ਇਉਂ ਅਖਵਾਇਆ—

ਨਾਨਕ ਆਖੇ ਭੰਗਰਨਾਥ, ਤੇਰੀ ਮ ਉ ਕੁਚਜੀ ਆਈ ॥
ਭਾਂਡਾ ਧੋਇ ਨ ਜਾਤਿਓਨਿ, ਭਾਇ ਕੁਚਜੇ ਫੁਲ ਸੜਾਈ ॥
ਹੋਇ ਅਤੀਤੁ ਗ੍ਰਿਹਸਤ ਤਜਿ, ਫਿਰਿ ਉਨ ਕੇ ਘਰਿ ਮੰਗਣਿ ਜਾਈ ॥[ਵਾਰ ੧, ਪਉੜੀ ੪੦

ਵੇਦ ਸ਼ਾਸਤਰੀ, ਗੀਤਾ-ਪੁਰਾਣੀ ਪ੍ਰਣਾਲੀ ਵਿਚ ਵਿਸ਼ਨੂੰ ਦੇ ਭਿੰਨ ਭਿੰਨ ਅਵਤਾਰਾਂ ਦੀ ਮੂਰਤੀ-ਪੂਜਾ ਤੇ ਜ਼ੋਰ ਦਿਤਾ ਗਿਆ ਹੈ। ਖਟ ਕਰਮਾਂ ਦਾ ਸਹਾਰਾ ਲੈਣਾ ਬੜਾ ਜ਼ਰੂਰੀ ਮੰਨਿਆ ਹੈ (ਵੇਦ ਪੜ੍ਹਨਾ ਤੇ ਪੜ੍ਹਾਉਣਾ, ਦਾਨ ਦੇਣਾ ਤੇ ਲੈਣਾ, ਜਗ ਕਰਨਾ ਤੇ ਕਰਾਉਣਾ)। ਪਰ ਗੁਰਮਤਿ ਸਦਾਚਾਰ ਅੰਦਰ ਇਹਨਾਂ ਨੂੰ ਕੋਈ ਮਹੱਤਤਾ ਨਹੀਂ ਦਿਤੀ ਗਈ। ਜਿਸ ਤਰ੍ਹਾਂ ਹੇਠ ਦਿਤੇ ਗੁਰ ਫੁਰਮਾਨ ਤੋਂ ਸਿਧ ਹੁੰਦਾ ਹੈ :—

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ, ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ, ਅਧਿਕ ਅਹੰਬੁਧਿ ਬਾਧੇ ॥੧॥...
ਮੋਨਿ ਭਇਓ ਕਰਪਾਤੀ ਰਹਿਓ, ਨਗਨ ਫਿਰਿਓ ਬਨ ਮਾਹੀ ॥
ਤਟ ਤੀਰਥ ਸਭ ਧਰਤੀ ਭ੍ਰਮਿਓ, ਦੁਬਿਧਾ ਛੁਟਕੈ ਨਾਹੀ ॥੨॥
ਮਨ ਕਾਮਨਾ ਤੀਰਥ ਜਾਇ ਬਸਿਓ, ਸਿਰਿ ਕਰਵਤਿ ਧਰਾਏ ॥
ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ ॥੩॥
ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ ॥
ਅੰਨ ਬਸਤ੍ਰ ਭੂਮਿ ਬਹੁ ਅਰਪੇ, ਨਹ ਮਿਲੀਐ ਹਰਿ ਦੁਆਰਾ ॥੪॥
ਪੂਜਾ ਅਰਚਾ ਬੰਦਨ ਡੰਡਉਤ, ਖਟੁ ਕਰਮਾ ਰਤੁ ਰਹਤਾ ॥
ਹਉ ਹਉ ਕਰਤ ਬੰਧਨ ਮਹਿ ਪਰਿਆ, ਨਹ ਮਿਲੀਐ ਇਹ ਜੁਗਤਾ ॥੫॥
ਜੋਗ ਸਿਧ ਆਸਣ ਚਉਰਾਸੀਹ, ਏ ਭੀ ਕਰਿ ਕਰਿ ਰਹਿਆ ॥
ਵਡੀ ਆਰਜਾ ਫਿਰਿ ਫਿਰਿ ਜਨਮੈ, ਹਰਿ ਸਿਉ ਸੰਗੁ ਨ ਗਹਿਆ ॥੬॥

ਸੋਰਠਿ ਮ: ੫, ਪੰਨਾ ੬੪੧-੪੨

ਗੁਰੂ ਅਰਜਨ ਦੇਵ ਜੀ ਇਸ ਕਿਸਮ ਦੇ ਸਦਾਚਾਰ ਦੇ ਵੱਖ ਵੱਖ ਪਹਿਲੂਆਂ ਦਾ ਜ਼ਿਕਰ ਕਰਦੇ ਹੋਏ ਆਪਣੇ ਵਲੋਂ ਇਹੋ ਟੂਕ ਦਿੰਦੇ ਜਾਂਦੇ ਹਨ ਕਿ ਇਸ ਤਰ੍ਹਾਂ ਪ੍ਰਭੂ-ਪ੍ਰੀਤਮ ਨਹੀਂ ਮਿਲਦਾ, ਕਿਉਂਕਿ ਇਹਨਾਂ ਸਾਰੀਆਂ ਜੁਗਤੀਆਂ ਵਿਚ ਆਪਾ ਮਿਟਾਉਣ ਦੀ ਥਾਂ ਆਪਾ ਲਿਸ਼ਕਾਉਣ ਤੇ ਜ਼ੋਰ ਹੈ। ਮਨ ਸਦਾ ਹਉਮੈ ਦੀ ਲਹਿਰ ਉਤੇ ਚੜ੍ਹਿਆ ਰਹਿੰਦਾ ਹੈ। ਗੁਰਮਤਿ ਦੇ ਸਚਿਆਰ ਲਈ ਆਪਾ ਮਿਟਾਉਣ ਲਈ ਦੋ ਹੋਰ ਗੱਲਾਂ ਜ਼ਰੂਰੀ ਦੱਸਦੇ ਹਨ—ਪਹਿਲੀ ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਬਖਸ਼ਸ਼ ਕੀਤੇ ਗਏ ਨਾਮ-ਹਰਿ ਕੀਰਤ। ਦੂਜੀ ਗੱਲ ਹੈ ਹਰਿ ਕੀਰਤ ਗੁਰਮੁਖ ਜਨਾਂ ਵਿਚ ਮਿਲ ਬੈਠ ਕੇ ਕਰਨੀ, ਇਹ ਸਰੇਸ਼ਟ ਦਰਸਾਈ ਗਈ ਹੈ।

ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥੮॥

ਓਹੀ ਸ਼ਬਦ, ਪੰਨਾ ੬੪੧-੪੨

ਪੌਰਾਣਿਕ ਕਥਾਵਾਂ ਅਨੁਸਾਰ ਰਾਜਾ ਹਰੀਸ਼ ਚੰਦਰ ਨੂੰ ਮਹਾਨ ਦਾਨੀ ਤੇ ਸਤਿਵਾਦੀ ਆਦਰਸ਼ਕ ਸਦਾਚਾਰੀ ਦਰਸਾਇਆ ਗਿਆ ਹੈ, ਜਿਸ ਨੇ ਦਾਨ ਦੇਣ ਵਿਚ ਹੱਦ ਹੀ ਕਰ ਦਿਤੀ। ਰਾਜ-ਭਾਗ, ਹਾਥੀ-ਘੋੜੇ, ਧਨ-ਦੌਲਤ ਦਾਨ ਵਿੱਚ ਦੇਣ ਉਪਰੰਤ ਇਸਤ੍ਰੀ ਅਤੇ ਬੱਚੇ ਨੂੰ ਭੀ ਦਾਨ ਵਿਚ ਦੇ ਦਿਤਾ। "ਕਨਿਕ


www.AKJ.Org

ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ ॥ ਅੰਨ ਬਸਤ੍ਰ ਭੂਮਿ ਬਹੁ ਅਰਪੇ, ਨਹ ਮਿਲੀਐ ਹਰਿ ਦੁਆਰਾ ॥'' ਦੇ ਉਪਰ ਆਏ ਫੁਰਮਾਨ ਵਿਚ ਸ਼ਾਇਦ ਇਧਰ ਹੀ ਸਕੇਤ ਕੀਤਾ ਗਿਆ ਹੈ ਕਿ ਐਨਾ ਕੁਝ ਦਾਨ ਦੇਣ ਤੋਂ ਬਾਅਦ ਭੀ ਵਾਹਿਗੁਰੂ ਜੀ ਦੀ ਦਰਗਾਹ ਤਕ ਉਸਦੀ ਰਸਾਈ ਨਹੀਂ ਹੋ ਸਕੀ, ਕਿਉਂਕਿ ਉਸ ਅੰਦਰ ਦਾਨੀ ਹੋਣ ਦੀ ਹਉਮੈ ਜੀਵਨ ਭਰ ਟਿਕੀ ਰਹੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਜਾ ਹਰੀ ਚੰਦ ਦਾ ਜ਼ਿਕਰ ਇਉਂ ਕੀਤਾ ਹੈ :—

ਹਰੀਚੰਦੁ ਦਾਨੁ ਕਰੇ ਜਸੁ ਲੇਵੈ ॥ ਬਿਨੁ ਗੁਰ ਅੰਤੁ ਨ ਪਾਇ ਅਭੇਵੈ ॥੩॥

ਗਉੜੀ ਅਸਟਪਦੀਆਂ ਮ: ੧, ਪੰਨਾ ੨੨੪

ਦੇ ਫੁਰਮਾਨ ਵਿਚ ਸਤਿਗੁਰ ਜੀ ਰਾਜੇ ਦੀ ਸੂਖਮ ਹਉਮੈ ਵਲ ਸੰਕੇਤ ਕਰ ਰਹੇ ਹਨ। ਇਸ ਲਈ ਪ੍ਰਮਾਰਣ ਨੁਕਤਾ-ਨਿਗਾਹ ਤੋਂ ਅਜਿਹੇ ਸਦਾਚਾਰ ਦੀ ਇਕ ਬੁਨਿਆਦੀ ਕਮਜ਼ੋਰੀ ਵੱਲ ਗੁਰਬਾਣੀ ਧਿਆਨ ਦਿਵਾਉਂਦੀ ਹੈ ਕਿ ਅਜਿਹਾ ਸਦਾਚਾਰੀ ਨਿਜਵਾਦੀ ਜਾਂ ਹਉਮੈਵਾਦੀ (Egoist) ਬਣ ਜ ਦਾ ਹੈ, ਉਹ ਆਪਣੇ ਮੂੰਹੋਂ ਆਪਣੀ ਕਥਾ ਸੁਣਾਉਂਦਾ ਨਹੀਂ ਥਕਦਾ ਅਤੇ ਆਪਣੇ ਕੰਨਾਂ ਨਾਲ ਆਪਣੀ ਵਾਹ ਵਾਹ ਸੁਣਨ ਵਿਚ ਖੁਸ਼ੀ ਮਹਿਸੂਸ ਕਰਦਾ ਹੈ।

ਗੁਰਮਤਿ ਦਾ ਸਭਿਆਚਾਰ ਇਸ ਕਿਸਮ ਦੀ ਲੋਕ-ਵਾਹ ਵਾਹ ਤੋਂ ਉਪਰ ਉਠ ਕੇ ਵਿਚਰਦਾ ਹੈ। ਉਸ ਲਈ ਉਸਤਤਿ ਨਿੰਦਾ ਦੋਊ ਬਿਬਰਜਤ ਹਨ—

ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ ॥
ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ ॥੧॥੬॥

ਕੇਦਾਰਾ ਕਬੀਰ ਜੀ, ਪੰਨਾ ੧੧੨੩

ਸਾਮੀ ਧਰਮਾਂ ਯਹੂਦੀ ਮੱਤ, ਇਸਲਾਮ ਅਤੇ ਈਸਾਈ ਮੱਤ ਵਿਚ ਭੀ ਨੇਕ-ਚਲਣ ਮਨੁਖ ਦਾ ਚਿਤਰ ਚਿਤਰਿਆ ਗਿਆ ਹੈ। ਸਤਿਗੁਰੂ ਜੀ ਸਮਕਾਲੀ ਇਸਲਾਮੀ ਸਦਾਚਾਰੀ ਦੇ ਅਮਲੀ ਜੀਵਨ ਤੋਂ ਚੰਗੀ ਤਰ੍ਹਾਂ ਜਾਣੂ ਸਨ। ਇਸਲਾਮੀ ਸ਼ਰ੍ਹਾ ਦਾ ਵਿਸ਼ੇਸ਼ਗ ਤੇ ਬੁਧੀਜੀਵੀ ਕਾਜ਼ੀ ਹੁੰਦਾ ਹੈ। ਉਸ ਦੀ ਹਾਲਤ ਇਹ ਸੀ ਕਿ ਉਹ ਕੂੜ ਬੋਲਦਾ ਤੇ ਵੱਢੀ ਲੈਂਦਾ ਸੀ, ਪਰ ਇਨਸਾਫ਼ ਨਹੀਂ ਸੀ ਕਰਦਾ। ਗੁਰੂ ਬਾਬੇ ਨੇ ਉਸਦੇ ਨਿਘਰਦੇ ਸਦਾਚਾਰ ਦਾ ਜ਼ਿਕਰ ਇਉਂ ਕੀਤਾ ਹੈ :—

ਕਾਦੀ ਕੂੜੁ ਬੋਲਿ ਮਲੁ ਖਾਇ ॥੨॥੫॥੭॥ ਧਨਾਸਰੀ ਮ: ੧, ਪੰਨਾ ੬੬੨

ਇਸਲਾਮੀ ਸਦਾਚਾਰੀ ਨੂੰ ਉਹਨਾਂ ਦੀ ਪੱਧਰ ਤੋਂ ਉਚਾ ਚੁਕਣ ਲਈ ਸਤਿਗੁਰੂ ਜੀ ਨੇ ਮਾਝ ਕੀ ਵਾਰ ਵਿਚ ਸੇਧ ਦਿਤੀ ਹੈ :

ਮਿਹਰ ਮਸੀਤਿ ਸਿਦਕੁ ਮੁਸਲਾ, ਹਕੁ ਹਲਾਲੁ ਕੁਰਾਣੁ ॥
ਸਰਮ ਸੁੰਨਤਿ, ਸੀਲੁ ਰੋਜਾ, ਹੋਹੁ ਮੁਸਲਮਾਣੁ ॥
ਕਰਣੀ ਕਾਬਾ, ਸਚੁ ਪੀਰੁ, ਕਲਮਾ ਕਰਮ ਨਿਵਾਜ ॥
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ ॥੧॥੭॥

ਮਾਝ ਕੀ ਵਾਰ, ਸਲੋਕ ਮ: ੧, ਪੰਨਾ ੧੪੦-੪੧

ਭਾਵ ਮੁਸਲਮਾਨ ਸਦਾਚਾਰੀ ਨੂੰ ਸਚਿਆਰ ਬਣਨ ਲਈ ਦਇਆ, ਸਿਦਕ, ਹੱਕ ਹਲਾਲ (ਕਿਰਤ ਕਮਾਈ), ਵਾਹਿਗੁਰੂ ਜੀ ਦਾ ਭੈ ਅਦਬ, ਸੱਚ ਦਾ ਧਾਰਨੀ ਬਣਨ ਤੇ ਨਿਰਮਲ ਕਰਣੀ ਰੱਖਣ ਦੀ ਤਾਕੀਦ ਕੀਤੀ ਹੈ ਅਤੇ ਇਹੋ ਸਚਿਆਰ ਬਣਨ ਲਈ ਜ਼ਰੂਰੀ ਅੰਗ ਹਨ। ਆਪਣੇ ਚੰਗੇ ਹੋਣ ਦਾ ਦਾਅਵਾ ਨਾ ਬੰਨ੍ਹੇ, ਨਾਮ ਜਪੇ ਤੇ ਉਸ ਦੀ ਕਿਰਪਾ ਤੇ ਭਰੋਸਾ ਰਖੇ। ਇਕ ਹੋਰ ਥਾਂ ਇਉਂ ਆਖਿਆ ਹੈ :


www.AKJ.Org

ਮੁਸਲਮਾਣੁ ਮੋਮ ਦਿਲਿ ਹੋਵੈ ॥ ਅੰਤਰ ਕੀ ਮਲੁ ਦਿਲ ਤੇ ਧੋਵੈ ॥੧੩॥ (੧੦੮੪)

ਗੁਰੂ ਬਾਬਾ ਜੀ ਨੂੰ ਮੁਸਲਮਾਨ ਦੇ ਦਿਲ ਵਿਚ ਕਾਫ਼ਰ ਤੇ ਮੋਮਨ ਹੋਣ ਦੀ ਮੈਲ ਜੰਮੀ ਦਿਸ ਪਈ ਸੀ, ਉਹ ਹੁਣ ਭੀ ਸਭ ਵਿਚ ਅਲ੍ਹਾ ਤਾਲ੍ਹਾ ਦੇ ਦੀਦਾਰ ਨਹੀਂ ਕਰ ਸਕਦਾ। ਇਸ ਲਈ ਉਹ ਸਚਿਆਰ ਪਦ ਤੇ ਨਹੀਂ ਅਪੜ ਸਕਦਾ। ਜਿੰਨਾ ਚਿਰ ਉਸਦੀ ਦੂਈ ਨਹੀਂ ਮਿਟਦੀ, ਉਤਨਾ ਚਿਰ ਉਸਦੀ ਭਟਕਣਾ ਮੁਕ ਹੀ ਨਹੀਂ ਸਕਦੀ।

ਈਸਾਈ ਧਰਮ ਲਈ ਮਾਨਵ-ਵਾਦ ਹੀ ਸਦਾਚਾਰ ਹੈ। ਭਾਰਤ ਵਰਗੇ ਪਛੜੇ ਹੋਏ ਦੇਸ਼ ਦੇ ਨੌਜਵਾਨਾਂ ਲਈ ਤਾਂ ਸਦਾਚਾਰੀ ਜਾਂ ਸਚਿਆਰ ਬਣਨਾ ਇਤਨੀ ਫ਼ਖਰ ਵਾਲੀ ਗੱਲ ਨਹੀਂ, ਜਿਤਨੀ ਉਨ੍ਹਾਂ ਸਾਹਮਣੇ ਮਾਨਵ-ਵਾਦੀ ਅਖਵਾਉਣਾ। ਉਹ ਅਜਿਹਾ ਬਣਨਾ ਜ਼ਿਆਦਾ ਪਸੰਦ ਕਰਦਾ ਹੈ।

ਮਾਨਵ-ਵਾਦ ਜਾਂ ਲੋਕ-ਭਲਾਈਵਾਦ ਨਿਰੋਲ ਪਦਾਰਥਵਾਦ ਦੀਆਂ ਲਹਿਰਾਂ ਹਨ। ਪੱਛਮੀ ਸਭਿਅਤਾ ਦੇ ਮਾਨਵਵਾਦੀ 'Honesty is the best policy) "ਈਮਾਨਦਾਰ ਲਗਣਾ ਇਕ ਚੰਗੀ ਨੀਤੀ ਹੈ" ਵਿਚ ਵਿਸ਼ਵਾਸ ਰਖਦੇ ਹਨ। ਉਹ ਈਮਾਨਦਾਰੀ ਨੂੰ ਜਾਂ ਸਚਾਈ ਨੂੰ ਸੱਚ ਵਿਚ ਸਮਾਉਣ ਦਾ ਸਾਧਨ ਨਹੀਂ ਸਮਝਦੇ।

ਸਦਾਚਾਰੀ ਹੋਣਾ ਚੰਗੀ ਗੱਲ ਹੈ। ਇਸ ਨਾਲ ਮਨੁੱਖ ਹੌਲੀ ਹੌਲੀ ਨੇਕ-ਚਲਣ ਇਨਸਾਨ ਬਣਦਾ ਹੈ। ਉਸਦਾ ਮਨ ਕਿਸੇ ਡਿਸਪਲਿਨ ਵਿਚ ਢਲਦਾ ਹੈ। ਇਸ ਤਰ੍ਹਾਂ ਅਨੇਕਾਂ ਮਤ ਮਤਾਂਤਰਾਂ ਦੇ ਆਪੋ ਆਪਣੇ ਸਦਾਚਾਰ ਦੇ ਨਿਯਮ ਮਨੁਖ ਨੂੰ ਪਰਮਾਰਥ ਲਈ ਤਿਆਰ ਕਰਦੇ ਹਨ। ਸਤਿਗੁਰੂ ਜੀ ਕਿਸੇ ਨੂੰ ਮੰਦਾ ਨਹੀਂ ਆਖਦੇ, ਕੇਵਲ ਸੋਧ ਦੇ ਰਹੇ ਹਨ ਕਿ ਨਿਰੇ 'ਸਦਾਚਾਰ' ਦੀਆਂ ਪਉੜੀਆਂ ਤੇ ਹੀ ਨਾ ਬੈਠੇ ਰਹਿਣਾ। ਇਹ ਪਉੜੀਆਂ ਸੱਚ ਤਾਈਂ ਨਹੀਂ ਅਪੜਦੀਆਂ, ਕਿਉਂਕਿ ਸੱਚ ਤੋਂ ਉਰੇ ਹਨ। ਇਸ ਤੋਂ ਭੀ ਉਪਰ ਇਕ ਹੋਰ ਮੰਜ਼ਲ ਹੈ ਜਿਸਨੂੰ ਆਪ ਸੱਚ-ਆਚਾਰ ਆਖਦੇ ਹਨ। ਉਸ ਮੰਜ਼ਲ ਤੇ ਅਪੜਨ ਲਈ ਨਾਮ ਤੇ ਹੁਕਮ ਮੰਨਣ, ਉਸਦੀ ਕਿਰਪਾ ਦੀ ਹਰ ਦਮ ਲੋਚਾ ਕਰਨਾ, ਪਉੜੀ ਦੇ ਚਰਨ ਹਨ।

ਪਾਂਡੇ ਐਸਾ ਬ੍ਰਹਮ ਬੀਚਾਰੁ ॥ ਨਾਮੇ ਸੁਚਿ ਨਾਮੋ ਪੜਉ, ਨਾਮੇ ਚਜੁ ਆਚਾਰ ॥੧॥ਰਹਾਉ॥......
ਆਚਾਰੀ ਨਹੀ ਜੀਤਿਆ ਜਾਇ ॥ ਪਾਠ ਪੜੈ ਨਹੀ ਕੀਮਤਿ ਪਾਇ ॥੫॥੨੦॥ (੩੫੫)

ਸਤਿਗੁਰੂ ਜੀ ਦਾ ਉਪਦੇਸ਼ ਇਹ ਹੈ ਕਿ ਗ੍ਰਿਹਸਥੀ ਜੀਵਨ ਤੋਂ ਨਸਣਾ ਨਹੀਂ। ਸੰਸਾਰ ਵਿਚ ਸਤਿ, ਸੰਤੋਖ, ਦਇਆ, ਧਰਮ ਤੇ ਸੁੱਚ ਦੇ ਧਾਰਨੀ ਹੋ ਕੇ ਵਿਚਰਨਾ ਹੈ। ਇਕ ਅਕਾਲ ਪੁਰਖ ਦੀ ਟੇਕ ਰਖਣੀ ਹੈ। ਉਸਦੀ ਸਿਫਤ ਸਲਾਹ ਨੂੰ ਸਵਾਸ ਸਵਾਸ ਵਿਚ ਪ੍ਰੋਵਣਾ ਹੈ। ਦਮ-ਬ-ਦਮ ਉਸ ਨਾਲ ਜੁੜੇ ਰਹਿਣਾ, ਉਸ ਦੀ ਰਜ਼ਾ ਦੀ ਤਾਅਬੇ ਰਹਿਣਾ, ਸਦਾ ਗੁਰੂ ਤੇ ਅਕਾਲ ਪੁਰਖ ਦੇ ਸਨਮੁਖ ਹੋ ਕੇ ਵਿਚਰਨਾ, ਇਹ ਹੈ ਸਚਿਆਰ ਪਦ। ਮੁਕਦੀ ਗੱਲ ਇਹ ਹੈ ਕਿ ਮਨੁਖ ਨੇ ਆਪਣਾ ਆਪਾ ਮਿਟਾਉਣਾ ਹੈ। ਜੋ ਹੋ ਰਿਹਾ ਹੈ, ਉਹ ਗੁਰੂ ਕਰਤਾਰ ਦੇ ਹੁਕਮ ਅੰਦਰ ਵਰਤ ਰਿਹਾ ਹੈ, ਜਿਸਨੂੰ ਖਿੜੇ ਮੱਥੇ ਪ੍ਰਵਾਨ ਕਰਨਾ ਹੈ। ਅਨੇਕਾਂ ਸਦਾਚਾਰੀ ਆਪੋਂ ਗੁਰੂ ਬਣ ਬਣ ਕੇ ਲੋਕਾਂ ਨੂੰ ਆਪਣੇ ਪਿਛੇ ਲਗਾ ਰਹੇ ਹਨ। ਉਹਨਾਂ ਦੇ ਚੇਲੇ ਉਹਨਾਂ ਵਰਗੇ ਸਦਾਚਾਰੀ ਤਾਂ ਬਣ ਸਕਦੇ ਹਨ, ਪਰ ਸੱਚ ਤੱਕ ਨਾ ਉਹ ਆਪ ਅਪੜੇ ਹਨ, ਨਾ ਉਹਨਾਂ ਦੇ ਸੇਵਕ ਅੱਪੜ ਸਕਣਗੇ।

ਸਾਹਿਬ ਜਿਸ ਕਾ ਨੰਗਾ ਭੁਖਾ ਹੋਵੈ ਤਿਸ ਦਾ ਨਫਰੁ ਕਿਥਹੁ ਰਜਿ ਖਾਏ ॥
ਜਿ ਸਾਹਿਬ ਕੈ ਘਰਿ ਵਥੁ ਹੋਵੈ ਸੁ ਨਫਰੈ ਹਥਿ ਆਵੈ, ਅਨਹੋਦੀ ਕਿਥਹੁ ਪਾਏ ॥੨॥੧੨॥
ਗਉੜੀ ਵਾਰ, ਮ: ੪; ਪੰਨਾ ੩੦੬

ਉਪਰੋਕਤ ਗੁਰਵਾਕ ਤੋਂ ਬੜੀ ਚੰਗੀ ਤਰ੍ਹਾਂ ਸਪੱਸ਼ਟ ਹੁੰਦਾ ਹੈ ਕਿ ਜਗਿਆਸੂ ਨੂੰ ਗੁਰੂ ਧਾਰਨ ਕਰਨ ਤੋਂ ਪਹਿਲਾਂ ਉਸਦੀ ਪ੍ਰਾਪਤੀ ਦਾ ਅੰਦਾਜ਼ਾ ਜ਼ਰੂਰ ਕਰ ਲੈਣਾ ਚਾਹੀਦਾ ਹੈ।


www.AKJ.Org

ਪਹਿਲਾਂ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ ॥੨॥ ਸਲੋਕ ਮ: ੧, ਪੰਨਾ ੧੪੨੦

ਸਮੁਚੀ ਵੀਚਾਰ ਦਾ ਸਾਰ ਇਹ ਹੈ ਕਿ ਗੁਰੂ ਨਾਨਕ ਸਾਹਿਬ ਜੀ ਨੇ "ਸਚਹੁ ਓਰੈ ਸਭੁ ਕੋ" ਕਹਿ ਕੇ ਰਵਾਇਤੀ ਸਦਾਚਾਰ ਦੇ ਸੰਕਲਪ ਨੂੰ ਇਕ ਨਵੀਂ ਸੇਧ ਦਿਤੀ ਹੈ ਕਿ ਕੇਵਲ ਅਨਿਕ ਪ੍ਰਕਾਰੀ ਦੈਵੀ ਗੁਣ ਧਾਰਨ ਕਰਨੇ ਜਾਂ ਅਨੇਕਾਂ ਕਰਮ ਕੀਤਿਆਂ ਸਚ ਵਿਚ ਸਮਾਈ ਨਹੀਂ ਹੁੰਦੀ।

ਨਾਨਾ ਕਰਤ ਨ ਛੂਟੀਐ ਵਿਣੁ ਗੁਣ ਜਮਪੁਰਿ ਜਾਹਿ ॥
ਨਾ ਤਿਸੁ ਏਹੁ ਨ ਓਹੁ ਹੈ, ਅਵਗੁਣਿ ਫਿਰਿ ਪਛੁਤਾਹਿ ॥
ਨਾ ਤਿਸੁ ਗਿਆਨੁ ਨ ਧਿਆਨੁ ਹੈ, ਨਾ ਤਿਸੁ ਧਰਮੁ ਧਿਆਨੁ ॥
ਵਿਣੁ ਨਾਵੈ ਨਿਰਭਉ ਕਹਾ, ਕਿਆ ਜਾਣਾ ਅਭਿਮਾਨੁ ॥੩੭॥

ਰਾਮਕਲੀ ਮ: ੧ ਓਅੰਕਾਰੁ, ਪੰਨਾ ੯੩੪-੩੫

ਸਦਾਚਾਰੀ ਦਾ ਨਾ ਇਹ ਲੋਕ ਸੁਧਰਦਾ ਹੈ ਨਾ ਪਰਲੋਕ। ਉਸਦਾ ਜਨਮ ਮਰਨ ਦਾ ਚੱਕਰ ਹੀ ਨਹੀਂ ਮੁਕਦਾ, ਕਿਉਂਕਿ ਉਸ ਪਾਸ ਪ੍ਰਭੂ ਦਾ ਨਾਮ ਨਹੀਂ ਹੁੰਦਾ। ਤੇ ਬਿਨਾਂ ਪ੍ਰਭੂ ਦੇ ਨਾਮ ਦੇ ਉਸ ਨੂੰ ਸੂਖਮ ਹਉਮੈ ਦਾ ਪਤਾ ਹੀ ਨਹੀਂ ਲਗ ਸਕਦਾ। ਇਸ ਲਈ ਸਤਿਗੁਰੂ ਜੀ ਸਦਾਚਾਰੀ ਬਣਨ ਦੀ ਥਾਂ ਸਚਿਆਰ ਬਣਨ ਲਈ ਪ੍ਰੇਰਦੇ ਹਨ। ਸਚਿਆਰ ਦਾ ਨਿਸ਼ਾਨਾ ਸੱਚ ਵਿਚ ਸਮਾਉਣਾ ਹੁੰਦਾ ਹੈ। ਇਸ ਸੰਸਾਰ ਵਿਚ ਤਾਂ ਉਹ ਉਸ ਮਾਲਕ ਦੀ ਰਜ਼ਾ ਵਿਚ ਵਿਚਰਦਾ ਤੇ ਕਰਮ ਕਰਦਾ ਹੈ। ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ— ਗੁਰਮੁਖਿ ਮਾਰਗੁ ਸਚ ਦਾ ਸਚੁ ਪਾਰਿ ਲੰਘਾਏ ॥
ਸਚਿ ਮਿਲੈ ਸਚਿਆਰ ਨੋ ਮਿਲਿ ਆਪੁ ਗਵਾਏ ॥ ਵਾਰ ੯, ਪਉੜੀ ੧੭

ਆਪ ਜੀ ਨੇ ਆਪਣੀ ਅਠਾਰ੍ਹਵੀਂ ਵਾਰ ਦੀ ਉਨੀਵੀਂ ਪਉੜੀ ਵਿਚ 'ਸਚਹੁ ਓਰੈ ਸਭੁ ਕੋ' ਦੀ ਭਰਪੂਰ ਵਿਆਖਿਆ ਕੀਤੀ ਹੈ :—

ਜਪ ਤਪ ਸੰਜਮ ਲਖ ਲਖ, ਹੋਮ ਜਗ ਨਈਵੇਦ ਕਰੋੜੀ ॥
ਵਰਤ ਨੇਮ ਸੰਜਮ ਘਣੇ, ਕਰਮ ਧਰਮ ਲਖ ਤੰਦ ਮਰੋੜੀ ॥
ਤੀਰਥ ਪੁਰਬ ਸੰਜੋਗ ਲਖ, ਪੁੰਨ ਦਾਨੁ ਉਪਕਾਰ ਨ ਓੜੀ ॥
ਦੇਵੀ ਦੇਵ ਸਰੇਵਣੇ, ਵਰ ਸਰਾਪ ਲਖ ਜੋੜ ਵਿਛੋੜੀ ॥
ਦਰਸਨ ਵਰਨ ਅਵਰਨ ਲਖ, ਪੂਜਾ ਅਰਚਾ ਬੰਧਨ ਤੋੜੀ ॥
ਲੋਕ ਵੇਦ ਗੁਣ ਗਿਆਨ ਲਖ, ਜੋਗ ਭੋਗ ਲਖ ਝਾੜਿ ਪਛੋੜੀ ॥
ਸਚਹੁ ਓਰੈ ਸਭ ਕਿਹੁ, ਲਖ ਸਿਆਣਪ ਸੱਭਾ ਥੋੜੀ ॥
ਉਪਰਿ ਸਚੁ ਅਚਾਰੁ ਚਮੋੜੀ ॥੧੯॥ (੧੮)

ਭਾਵ ਅਰਥ :—ਲਖਾਂ ਜਪ ਤਪ ਤੇ ਯੋਗ ਦੇ ਸੰਜਮ ਸਾਧਨ ਧਾਰਨਾ, ਧਿਆਨ ਤੇ ਸਮਾਧੀ, ਅਤੇ ਕਰੋੜਾਂ ਹੀ ਹਵਨ ਤੇ ਠਾਕਰਾਂ ਦੀ ਪੂਜਾ ਅਰਚਾ, ਸੱਚ ਤੋਂ ਉਰੇ ਹੀ ਹਨ। ਇੰਜ ਹੀ ਕਿੰਨੇ ਹੀ ਵਰਤ ਨੇਮ ਤੇ ਸੰਜਮੀ ਜੀਵਨ ਤੇ ਲਖਾਂ ਕਰਮ ਧਰਮ ਕਚੇ ਧਾਗੇ ਦੀ ਤੰਦ ਵਾਂਗ ਕਹੇ ਹਨ। ਲਖਾਂ ਹੀ ਤੀਰਥ ਇਸ਼ਨਾਨ ਤੇ ਪੁੰਨ ਦਾਨ ਪਰਉਰਕਾਰ ਆਦਿ ਸੱਚ ਨੂੰ ਨਹੀਂ ਪੁਜਦੇ, ਲਖਾਂ ਵਰ ਸਰਾਪਾਂ ਦੇਣ ਦੀ ਸਮਰੱਥਾ ਵਾਲਾ ਜਾਂ ਦੇਵੀ ਦੇਵਤਿਆਂ ਦੀ ਪੂਜਾ ਅਰਾਧਨਾ ਸਚਹੁ ਓਰੈ ਹੀ ਹੈ। ਅਨੇਕਾਂ ਫ਼ਿਲਾਸਫ਼ੀਆਂ, ਮਨੁਖੀ ਜਾਤੀ-ਵੰਡ ਅਤੇ ਲੱਖ ਪੂਜਾ ਅਰਚਾ ਬੰਧਨ ਪਾਉਣ ਦਾ ਕਾਰਨ ਹੀ ਬਣਦੇ ਹਨ। ਵੇਦਾਂ ਦਾ ਗਿਆਨ, ਤੇ ਲਖਾਂ ਹੀ ਜੋਗ ਭੋਗ ਦੀਆਂ ਜੁਗਤੀਆਂ ਮਨੁਖ ਨੂੰ ਸੱਚ ਤੋਂ ਪਿਛਾਂਹ ਸੁਟਦੇ ਹਨ। ਸੱਚ-ਆਚਾਰ ਹੀ ਇਹਨਾਂ ਸਾਰਿਆਂ ਤੋਂ ਉਪਰ ਹੈ।



www.AKJ.Org

# ਜੋ ਗੁਰੁ ਕਹੈ ਸੋਈ ਭਲ ਮਾਨਹੁ

[ਭਾਈ ਸਾਹਿਬ ਰਾਮ ਸਿੰਘ ਜੀ ਸੁਕੈਂਡਰਨ ਲੀਡਰ ਰੀ:]

ਕਈ ਸੱਜਣ ਮਹਿਸੂਸ ਕਰਦੇ ਹਨ ਕਿ ਜਗਤ ਵਿਚ ਗੁਰਬਾਣੀ ਦੇ ਪਰਚਾਰ ਲਈ, ਦੁਨੀਆ ਦੀਆਂ ਬਹੁਤ ਸਾਰੀਆਂ ਬੋਲੀਆਂ ਵਿਚ, ਗੁਰਬਾਣੀ ਦਾ ਉਲੱਥਾ ਕੀਤਾ ਜਾਣਾ ਚਾਹੀਦਾ ਹੈ, ਤਾਂ ਜੁ ਦੁਨੀਆ ਦੇ ਲੋਕਾਂ ਨੂੰ ਸਿਖ ਧਰਮ ਬਾਰੇ ਗਿਆਨ ਹੋ ਸਕੇ, ਅਤੇ ਉਹ ਲੋਕ ਗੁਰਬਾਣੀ ਦਾ ਲਾਭ ਉਠਾ ਸਕਣ। ਦੂਸਰੀਆਂ ਬੋਲੀਆਂ ਵਿਚ ਉਲੱਥਾ ਕਰਨ ਲਈ ਇਹ ਜ਼ਰੂਰੀ ਹੈ ਕਿ ਗੁਰਬਾਣੀ ਨੂੰ ਪਦ-ਛੇਦ ਸਰੂਪ ਵਿਚ ਲਿਆਂਦਾ ਜਾਏ। ਇਸ ਉਪਰਾਲੇ ਤੋਂ ਬਿਨਾ ਗੁਰਬਾਣੀ ਦਾ ਉਲੱਥਾ ਹੋਣਾ ਕਠਨ ਹੈ। ਇਨ੍ਹਾਂ ਸੱਜਣਾਂ ਦਾ ਵਿਚਾਰ ਹੈ ਕਿ ਅਜਿਹੇ ਉਪਰਾਲੇ ਲਈ ਬੀਤੇ ਸਮੇਂ ਦੇ ਅਨਭਵਤਾ ਰੱਖਣ ਵਾਲੇ ਗੁਰਮੁਖਾਂ ਦੀਆਂ ਲਿਖਤਾਂ, ਸੂਝਵਾਨਾਂ ਦੇ ਟੀਕੇ ਅਤੇ ਮੌਜੂਦਾ ਸਮੇਂ ਦੇ ਸੁਲਝੇ ਹੋਏ ਗਿਆਨਵਾਨਾਂ ਦੀ ਵਿਚਾਰਧਾਰਾ ਦਾ ਲਾਭ ਉਠਾ ਕੇ, ਜ਼ਿਆਦਾ ਤੋਂ ਜ਼ਿਆਦਾ ਸੁਧ ਸ਼ਬਦ-ਨਿਖੇੜ ਦੇ ਅਧਾਰ ਤੇ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਦ-ਛੇਦ ਸਰੂਪ ਤਿਆਰ ਕੀਤਾ ਜਾਣਾ ਚਾਹੀਦਾ ਹੈ।

ਸੰਸਾਰ ਭਰ ਵਿਚ ਗੁਰਬਾਣੀ ਪ੍ਰਚਾਰਨ ਦੇ ਖ਼ਿਆਲ ਮੁਬਾਰਕ ਹਨ, ਪਰ ਗੁਰਬਾਣੀ ਦੀਆਂ ਸਰਬ-ਕਾਲੀ ਤੇ ਸਰਬ-ਦੇਸੀ ਸਚਾਈਆਂ ਦੀ ਟੋਹ ਮਾਤਰ ਹੀ ਦੂਸਰੀਆਂ ਬੋਲੀਆਂ ਵਿਚ ਦਿਤੀ ਜਾ ਸਕਦੀ ਹੈ। ਗੁਰਬਾਣੀ ਦੇ ਮਹਾਨ ਭਾਵਾਂ ਨੂੰ ਸਹੀ ਰੂਪ ਵਿਚ ਕਿਸੇ ਤਰਜਮੇ ਵਿਚ ਜਾਂ ਕਿਸੇ ਹੋਰ ਬੋਲੀ ਵਿਚ ਦਰਸਾਇਆ ਨਹੀਂ ਜਾ ਸਕਦਾ। ਅਤੇ ਨਾ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾ-ਕਲਾ ਨੂੰ ਤਰਜਮੇ ਵਿਚ ਪ੍ਰਵੇਸ਼ ਕੀਤਾ ਜਾ ਸਕਦਾ ਹੈ। ਸੋ ਐਸੇ ਪ੍ਰੇਮੀਆਂ ਅਤੇ ਗੁਰਬਾਣੀ ਦੇ ਆਸ਼ਕਾਂ ਪਾਸ ਬਿਨੈ ਹੈ ਕਿ ਮਨੁਖ ਮਾਤਰ ਨੂੰ ਉਨ੍ਹਾਂ ਦੀ ਬੋਲੀ ਵਿਚ ਗੁਰਮਤਿ ਦੀ ਵਿਲੱਖਣਤਾ ਅਤੇ ਉੱਚਤਾ ਬਾਰੇ ਰੌਸ਼ਨੀ ਬੇਸ਼ਕ ਪਾਉਣ, ਪਰ ਨਾਲ ਹੀ ਉਨ੍ਹਾਂ ਨੂੰ ਪ੍ਰੇਰਨ ਕਿ ਜੇ ਸਹੀ ਅਰਥਾਂ ਵਿਚ ਪ੍ਰਭੂ-ਮਿਲਾਪ ਦੀਆਂ ਪਉੜੀਆਂ ਤੇ ਚੜ੍ਹਨਾ ਲੋਚਦੇ ਹੋ ਤਾਂ ਪੰਜਾਬੀ (ਗੁਰਮੁਖੀ) ਸਿਖੋ ਅਤੇ ਉਸ ਮਹਾਨ ਰਚਨਾ ਨਾਲ ਅਸਲੀ ਰੂਪ ਵਿਚ ਜੁੜੋ, ਤਾਂ ਹੀ ਸਹੀ ਅਰਥਾਂ ਵਿਚ ਨਾਮ-ਅੰਮ੍ਰਿਤ ਦੀ ਸੋਝੀ ਪੈ ਸਕਦੀ ਹੈ।

ਸਿਖ ਧਰਮ ਦੇ ਪ੍ਰਚਾਰ ਦਾ ਦੂਸਰਾ ਪਹਿਲੂ ਇਸ ਪ੍ਰਕਾਰ ਹੈ। ਅਕਾਲ ਪੁਰਖ ਨੇ ਆਪਣੇ ਧੁਰ-ਧੁਰੰਦਰੀ ਪ੍ਰੋਗਰਾਮ ਅਨੁਸਾਰ, ਕਲਜੁਗੀ ਜੀਵਾਂ ਦੇ ਉਧਾਰ ਲਈ, ਇਕ ਦਾਇਮੀ ਮਾਰਗ ਚਲਾਉਣਾ ਸੀ, ਜਿਸ ਮਾਸਰ ਤੇ ਚੱਲ ਕੇ ਪ੍ਰਮਾਤਮਾ ਦਾ ਮੇਲ ਸੰਭਵ ਹੋ ਸਕੇ। ਇਸ ਮਾਰਗ ਦੀ ਅਗਵਾਈ, ਧੁਰ-ਕੀ-ਬਾਣੀ ਨੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਕਰਨੀ ਸੀ, ਅਤੇ ਖੰਡੇ ਦੀ ਪਾਹੁਲ ਰਾਹੀਂ, ਰਹਿੰਦੀ ਦੁਨੀਆ ਤੱਕ, ਸੰਸਾਰੀਆਂ ਨੂੰ ਇਸ ਮਾਰਗ ਤੇ ਲਿਆਉਣ ਲਈ, ਪੰਜਾਂ ਪਿਆਰਿਆਂ ਦਾ ਧੁਰਵਾ ਕਾਇਮ ਕਰਨਾ ਸੀ।

ਸੋਈ ਇਸ ਲੋੜ ਨੂੰ ਅਕਾਲ ਪੁਰਖ ਨੇ ਆਪ, ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਰੂਪ ਵਿਚ (ਪਾਰਬ੍ਰਹਮ ਗੁਰ ਨਾਹੀ ਭੇਦੁ –੧੧੪੨) ਦਸ ਜਾਮੇ ਧਾਰ ਕੇ ਪੂਰਾ ਕੀਤਾ। ਕਲਗੀਧਰ ਪਾਤਸ਼ਾਹ ਜੀ ਨੇ ੧੬੯੯ ਈਸਵੀ ਵਿਚ ਪੰਜ ਪਿਆਰਿਆਂ ਦੀ ਸਾਜਨਾ ਸਾਜੀ। ਉਨ੍ਹਾਂ ਨੇ ਮਨੁਖੀ ਜਾਮੇ ਵਿਚ ਵਿਚਰਦਿਆਂ ਹੋਇਆਂ ਤਕਰੀਬਨ ਨੌਂ ਬਰਸ ਤਕ ਇਸ ਪੂਰਨ ਜੁਗਤੀ ਨੂੰ ਚਲਦਿਆਂ ਤੱਕਿਆ। ੧੭੦੮ ਈਸਵੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਨੂੰ ਗੁਰ-ਗੱਦੀ ਬਖਸ਼ ਕੇ, ਕਲਗੀਧਰ ਪਾਤਸ਼ਾਹ ਜੀ ਆਪ, ਜੋਤੀ ਜੋਤਿ ਸਮਾ ਗਏ।

ਇਹ ਤਾਂ ਮੰਨਣ ਯੋਗ ਗੱਲ ਨਹੀਂ ਕਿ ਅਕਾਲ ਪੁਰਖ, ਜਿਸ ਦਾ ਕੀਤਾ ਸਭ ਕਿਝ ਪੂਰਾ ਹੈ, ਅਤੇ



www.AKJ.Org

ਜਿਸਦੀ ਕਰਨੀ ਵਿਚ ਕੋਈ ਵਾਧ ਘਾਟ ਨਹੀਂ ਹੈ, ਉਸ ਨੂੰ ਇਹ ਭੀ ਨਾ ਪਤਾ ਹੋਵੇ ਕਿ ਗੁਰੂ ਨਾਨਕ ਸਾਹਿਬ ਜੀ ਦੀ ਗੱਦੀ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ, ਜਿਨ੍ਹਾਂ ਨੇ ਰਹਿੰਦੀ ਦੁਨੀਆ ਤੱਕ, ਪੰਥ ਦੀ ਅਗਵਾਈ ਕਰਨੀ ਹੈ, ਉਨ੍ਹਾਂ ਦਾ ਲੜੀਦਾਰ ਸਰੂਪ ਜੋਗ ਰਹੇਗਾ, ਜਾਂ ਕਿ ਪਦ-ਛੇਦ ਸਰੂਪ ਠੀਕ ਰਹੇਗਾ। ਜਿਹੜੇ ਸਿਖ, ਕਲਗੀਧਰ ਪਾਤਸ਼ਾਹ ਜੀ ਦੇ, ਗੁਰਗੱਦੀ ਤੇ ਸਥਾਪਤ ਕੀਤੇ ਗਏ ਲੜੀਦਾਰ ਸਰੂਪ ਨੂੰ ਤਿਆਗ ਕੇ, ਪਦ-ਛੇਦ ਸਰੂਪ ਨੂੰ ਮੂਹਰੇ ਲਿਆ ਰਹੇ ਹਨ, ਬਾਜਾਂ ਵਾਲੇ ਸਤਿਗੁਰੂ ਜੀ ਇਨ੍ਹਾਂ ਨੂੰ ਕਿਹੋ ਜਿਹੇ ਸਿਖ ਸਮਝਦੇ ਹੋਣਗੇ ? ਕੀ; ਪਦ-ਛੇਦ ਸਰੂਪ ਨੂੰ ਲੜੀਦਾਰ ਸਰੂਪ ਨਾਲੋਂ ਚੰਗਾ ਸਮਝਣਾ, ਸੰਗਤਾਂ ਦੇ ਮਨ ਵਿਚ ਕਲਗੀਧਰ ਪਾਤਸ਼ਾਹ ਜੀ ਦੇ ਸਤਿਕਾਰ ਨੂੰ ਵਧਾਉਣਾ ਕਹਿਲਾਏਗਾ, ਜਾਂ ਕਿ ਛੁਟਿਆਉਣਾ ਕਹਿਲਾਏਗਾ ?

ਗੁਰਬਾਣੀ ਦਾ ਹੁਕਮ ਹੈ "ਹੋਹੁ ਸਾਵਧਾਨ ਅਪੁਨੇ ਗੁਰ ਸਿਉ ॥" (੮੯੫) ਭਾਵ ਕਿ ਐ ਗੁਰਸਿਖ, ਗੁਰੂ ਮੂਹਰੇ (attention) ਅਹਿੱਲ ਹੋ ਕੇ ਖੜ ਜਾ, ਆਪਣੀ ਮਰਜ਼ੀ ਨਾਲ ਬਿਲਕੁਲ ਹਰਕਤ ਵਿਚ ਨਾ ਆ, ਗੁਰੂ ਦੇ ਹੁਕਮ ਦੀ ਇੰਤਜ਼ਾਰ ਕਰ ਅਤੇ ਹੁਕਮ ਮਿਲਦਿਆਂ ਸਾਰ ਹੀ ਉਸ ਤੇ ਅਮਲ ਕਰ। ਨਾ ਕਿ, ਗੁਰੂ ਦੀ ਨੁਕਤਾਚੀਨੀ ਕਰਕੇ ਆਪਣੇ ਆਪ ਨੂੰ ਜ਼ਿਆਦਾ ਸਿਆਣਾ ਦੱਸਣ ਦਾ ਯਤਨ ਕਰ। ਪਦ-ਛੇਦ ਸਰੂਪ ਦਾ ਵਜੂਦ ਹੀ, ਗੁਰੂ-ਕਰਨੀ (ਲੜੀਦਾਰ ਸਰੂਪ) ਦੀ ਨੁਕਤਾਚੀਨੀ ਦਾ ਸਬੂਤ ਹੈ। ਗੁਰੂ ਦੀ ਨੁਕਤਾ-ਚੀਨੀ ਕਰਨ ਵਾਲਿਆਂ ਪ੍ਰਥਾਇ ਗੁਰੂ ਜੀ ਫੁਰਮਾਉਂਦੇ ਹਨ :-

੧. ਜੋ ਗੁਰੁ ਗੋਪੇ ਆਪਣਾ ਸੁ ਭਲਾ ਨਾਹੀ ਪੰਚਹੁ ਓਨਿ ਲਾਹਾ ਮੂਲੁ ਸਭੁ ਗਵਾਇਆ ॥੨॥੮॥ (੩੦੪)

੨. ਜਿਨਿ ਗੁਰੁ ਗੋਪਿਆ ਆਪਣਾ ਤਿਸੁ ਠਉਰ ਨ ਠਾਉ ॥
ਹਲਤੁ ਪਲਤੁ ਦੋਵੈ ਗਏ ਦਰਗਹ ਨਾਹੀ ਥਾਉ ॥੧॥੧੬॥ (੩੧੪)

੩. ਜਿਨਾ ਗੁਰੁ ਗੋਪਿਆ ਆਪਣਾ ਤੇ ਨਰ ਬੁਰਿਆਰੀ ॥
ਹਰਿ ਜੀਉ ਤਿਨ ਕਾ ਦਰਸਨੁ ਨਾ ਕਰਹੁ ਪਾਪਿਸਟ ਹਤਿਆਰੀ ॥੨੩॥ (੬੫੧)

ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ।

ਇਨ੍ਹਾਂ ਤੁਕਾਂ ਅੰਦਰ ਗੁਰੂ ਨੂੰ 'ਗੋਪਣ' ਦਾ ਭਾਵ ਹੈ ਕਿ, ਗੁਰੂ ਨੂੰ ਪਿਛਾਂਹ ਕਰਨਾ (ਅਥਵਾ ਗੁਰੂ ਦੀ ਮਹੱਤਤਾ ਘਟਾਉਣਾ) ਅਤੇ ਆਪਣੀ ਅਕਲ ਨੂੰ ਗੁਰੂ ਦੀ ਅਕਲ ਨਾਲੋਂ ਚੰਗਾ ਸਮਝ ਕੇ, ਆਪ ਮੂਹਰੇ ਹੋਣਾ। ਗੁਰੂ ਦੀ ਕਿਰਤ ਨੂੰ ਪਿਛਾਂਹ ਕਰਨਾ ਅਤੇ ਆਪਣੀ ਕਿਰਤ ਨੂੰ ਅੱਗੇ ਲਿਆਉਣਾ। ਅਜਿਹਾ ਕਰਤੱਵ ਕਰਨ ਵਾਲੇ ਪੁਰਸ਼ ਨੂੰ ਗੁਰਬਾਣੀ ਭਲਾ ਪੁਰਸ਼ ਨਹੀਂ ਕਹਿੰਦੀ। ਉਪਰ ਦਰਸਾਈਆਂ ਤੁਕਾਂ ਦਾ ਭਾਵ ਬੜਾ ਹੀ ਸਪੱਸ਼ਟ ਹੈ। ਇਨ੍ਹਾਂ ਦਾ ਅਰਥ ਕਰਨੋਂ, ਕਲਮ ਕੰਬਦੀ ਹੈ। ਗੁਰੂ ਬਖਸ਼ੇ।

ਪਦ-ਛੇਦ ਸਰੂਪਾਂ ਦੀ ਬਹੁਤਾਤ ਨੇ, ਗੁਰੂ ਰਚੇ ਲੜੀਦਾਰ ਸਰੂਪਾਂ ਨੂੰ ਜਾਂ ਤਾਂ ਅਲਮਾਰੀਆਂ ਵਿਚ, ਬੇ-ਲੋੜੇ ਸਮਝ ਕੇ, ਬੰਦ ਕਰਾ ਦਿੱਤਾ ਹੈ, ਅਤੇ ਜਾਂ, ਵਧੇਰੇ ਤੌਰ ਤੇ, ਗੋਇੰਦਵਾਲ ਸਾਹਿਬ ਭੇਜ ਕੇ ਬੈਸੰਤਰ ਦੇਵਤੇ ਦੇ ਸਪੁਰਦ ਕਰਾ ਦ੍ਰਿੱਤਾ ਹੈ। ਇਹ ਹੈ ਗੁਰ-ਕਰਣੀ (ਲੜੀਦਾਰ ਸਰੂਪ) ਦਾ ਹਸ਼ਰ, ਜੋ ਸਾਡੀ ਪਦ-ਛੇਦ ਰੁਚੀ ਨੇ ਸੰਭਵ ਕਰ ਦਿਖਾਇਆ ਹੈ। ਅਫਸੋਸ ! ਸਦ ਅਫਸੋਸ !!

ਗੱਲ, ਆਖ਼ਰ ਨੂੰ, ਏਥੇ ਆ ਕੇ ਮੁੱਕਣੀ ਹੈ ਕਿ "ਜੋ ਗੁਰੁ ਕਹੈ ਸੋਈ ਭਲ ਮਾਨਹੁ" (੬੬੭)। ਇਸ ਦਾ ਭਾਵ ਇਹ ਨਹੀਂ ਕਿ, ਗੁਰੂ ਜੀ ਦੇ ਕਹੇ ਨੂੰ ਭਲਾ ਮੰਨੋ, ਅਤੇ ਗੁਰੂ ਜੀ ਦੇ ਕੀਤੇ ਨੂੰ ਭਲਾ ਨਾ ਮੰਨੋ। ਦੋਨੋਂ ਹੀ, ਗੁਰੂ ਜੀ ਦੀ ਕਥਨੀ ਅਤੇ ਕਰਨੀ, ਗੁਰਸਿੱਖਾਂ ਦੀ ਅਗਵਾਈ ਲਈ ਹੀ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਲੜੀਦਾਰ ਸਰੂਪ, 'ਗੁਰ-ਕਰਨੀ' ਹੈ। ਇਸ ਸਰੂਪ ਨੂੰ ਕਲੀਧਰ ਪਾਤਸ਼ਾਹ ਜੀ ਨੇ ਮੱਥਾ ਟੇਕ ਕੇ, ਗੁਰੂ ਨਾਨਕ ਸਾਹਿਬ ਜੀ ਦੀ ਗੱਦੀ ਉਤੇ ਸੁਸ਼ੋਭਤ ਕੀਤਾ। ਇਹ ਸਾਡੇ ਲਈ ਅਗਵਾਈ ਸੀ, ਇਸ ਦੇ ਲੜ ਲੱਗੇ ਰਹਿਣ ਲਈ। ਏਸੇ ਤਰ੍ਹਾਂ ਹੀ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛਕ ਕੇ ਕਲਗੀਧਰ ਪਾਤਸ਼ਾਹ ਜੀ ਨੇ



www.AKJ.Org

ਸਾਨੂੰ ਖਾਲਸਾ ਸਜਣ ਸੰਬੰਧੀ ਅਗਵਾਈ ਦਿੱਤੀ। ਸਮਝਦਾਰਾਂ ਲਈ, ਗੁਰਸਿਖਾਂ ਦੀ ਅਗਵਾਈ ਹਿਤ, ਗੁਰ-ਕਰਨੀ ਦੀਆਂ, ਇਹ ਦੋ ਮਿਸਾਲਾਂ ਹੀ ਕਾਫ਼ੀ ਹਨ।

ਗੁਰਬਾਣੀ ਅੰਦਰ ਥਾ ਥਾਂ ਤੇ ਗੁਰੂ ਜੀ ਦੀ ਵਡਿਆਈ ਅਤੇ ਸਤਿਕਾਰ ਦਾ ਢੰਡੋਰਾ ਹੈ। "ਜੋ-ਤੁਧੁ-ਭਾਵੈ-ਸੋਈ-ਚੰਗਾ..." (੭੯੫)। ਜੇ ਅਸੀਂ ਇਸ ਤੁਕ ਨੂੰ ਹੀ ਧਿਆਨ ਵਿਚ ਲੈ ਆਈਏ ਅਕਾਲ ਪੁਰਖ ਅਤੇ ਗੁਰੂ ਨੂੰ ਇਕ ਰੂਪ ਸਮਝਦੇ ਹੋਏ, ਇਸ ਤੁਕ ਦਾ ਭਾਵ ਕੁਝ ਇਸ ਪ੍ਰਕਾਰ ਪ੍ਰਤੀਤ ਹੋਏਗਾ ਕਿ ਜੋ ਕੁਝ ਭੀ ਅਕਾਲ ਪੁਰਖ ਅਥਵਾ ਗੁਰੂ ਨੂੰ ਭਾਵੇ ਸੋਈ ਚੰਗਾ ਹੈ, ਅਤੇ ਓਹੋ ਕੁਝ ਗੁਰਸਿੱਖਾਂ ਨੂੰ ਭੀ ਚੰਗਾ ਲਗਣਾ ਚਾਹੀਦਾ ਹੈ, ਕਿਉਂਕਿ ਅਸੀਂ ਅਗਵਾਈ ਜੁ ਗੁਰੂ ਪਾਸੋਂ ਹੀ ਲੈਣੀ ਹੋਈ। ਇਸ ਦਲੀਲ ਨੂੰ ਅੱਗੇ ਤੋਰਦਿਆਂ ਹੋਇਆਂ, ਜੇ ਕਲਗੀਧਰ ਪਾਤਸ਼ਾਹ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਲੜੀਦਾਰ ਸਰੂਪ ਭਾਇਆ ਹੈ, ਤਾਂ ਗੁਰਸਿੱਖਾਂ ਨੂੰ ਇਹ ਸਰੂਪ ਕਿਉਂ ਨਾ ਚੰਗਾ ਲੱਗੇ? ਪਦ-ਛੇਦ ਸਰੂਪ ਦੇ ਹਾਮੀਆਂ ਨੂੰ ਇਸ ਤੁਕ ਨੂੰ, ਅੱਖੀਂ ਮੀਟ ਕੇ ਨਹੀਂ ਪੜ੍ਹ ਜਾਣਾ ਚਾਹੀਦਾ।

ਹਾਂ, ਗੁਰਬਾਣੀ ਦੇ ਸ਼ੁੱਧ ਉਚਾਰਨ ਲਈ ਜਿਤਨੇ ਭੀ ਵਾਜਬ ਅਤੇ ਯੋਗ ਉਪਰਾਲੇ ਹੋ ਸਕਣ, ਕਰਨੇ ਚਾਹੀਦੇ ਹਨ। ਪਰ, ਗੁਰਗੱਦੀ ਦੇ ਮਾਲਕ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕਲਗੀਧਰ-ਭਾਇਆ-ਅਤੇ-ਰਚਿਆ-ਜੁੜਤ-ਸਰੂਪ (ਲੜੀਦਾਰ ਸਰੂਪ) ਕਾਇਮ ਰਹਿਣਾ ਚਾਹੀਦਾ ਹੈ। **ਅਤੇ ਰਹੇਗਾ ਭੀ ਕਾਇਮ ਜੁੜਤ ਸਰੂਪ ਹੀ।**

ਜਿਹੜੇ ਪ੍ਰੇਮੀ, ਗੁਰਬਾਣੀ ਦਾ ਪ੍ਰਚਾਰ ਕਰਨ ਹਿਤ, ਦੂਸਰੀਆਂ ਜ਼ਬਾਨਾਂ ਵਿਚ ਗੁਰਬਾਣੀ ਦਾ ਉਲੱਥਾ ਕਰਨ ਦਾ ਉਤਸ਼ਾਹ ਰੱਖਦੇ ਹਨ, ਉਨ੍ਹਾਂ ਨੇ ਸ਼ਾਇਦ ਇਸ ਗੱਲ ਵਲ ਯੋਗ ਧਿਆਨ ਨਹੀਂ ਦਿੱਤਾ ਕਿ ਨਾਮ ਅਤੇ ਬਾਣੀ ਹੀ ਕਲਿਆਨ-ਕਾਰੀ ਹਨ, ਇਨ੍ਹਾਂ ਦਾ ਉਲੱਥਾ ਨਹੀਂ। "ਗੁਰਬਾਣੀ-ਗਾਵਹ-ਭਾਈ॥ ਓਹ-ਸਫਲ-ਸਦਾ-ਸੁਖਦਾਈ।" (੬੨੮) ਗੁਰਬਾਣੀ ਗਾਉਣਾ ਅਤੇ ਸੁਨਣਾ ਹੀ ਸੁਖਦਾਈ ਹੈ ਅਤੇ ਸਫਲ ਹੈ। ਗੁਰਬਾਣੀ ਦੇ ਉਲੱਥੇ ਵਿਚ ਇਹ ਅਸਰ ਕਦਾਚਿਤ ਨਹੀਂ ਹੋ ਸਕਦਾ। "ਅੰਮ੍ਰਿਤ-ਬਾਣੀ-ਅਮਿਉ-ਰਸੁ-ਅੰਮ੍ਰਿਤੁ-ਹਰਿ-ਕਾ-ਨਾਉ" ॥ (੯੬੨-੬੩) ਗੁਰਬਾਣੀ ਅਤੇ ਨਾਮ ਹੀ ਅੰਮ੍ਰਿਤ-ਰਸ ਹਨ, ਇਨ੍ਹਾਂ ਦਾ ਉਲੱਥਾ ਅੰਮ੍ਰਿਤ-ਰਸ ਨਹੀਂ ਬਣ ਸਕਦਾ।

ਅਗੰਮੀ-ਕਲਾ ਵਰਤਾਉਣ ਵਾਲਾ ਅੰਮ੍ਰਿਤ, ਸਰਬ-ਲੋਹ ਦੇ ਖੰਡੇ ਬਾਟੇ ਨਾਲ, ਪੰਜ ਬਾਣੀਆਂ ਪੜ੍ਹ ਕੇ ਤਿਆਰ ਹੁੰਦਾ ਹੈ। ਪੰਜਾਂ ਬਾਣੀਆਂ ਦਾ ਉਲੱਥਾ ਪੜ੍ਹ ਕੇ ਅੰਮ੍ਰਿਤ ਦਾ ਕਲਾ ਕ੍ਰਿਸ਼ਮੀ ਬਾਟਾ ਨਹੀਂ ਤਿਆਰ ਹੋ ਸਕਦਾ। ਸਿਖੀ ਪਰਚਾਰ ਦੇ ਹਾਮੀਆਂ ਨੂੰ ਚਾਹੀਦਾ ਹੈ ਕਿ, ਉਹ ਲੋਕਾਂ ਨੂੰ ਗੁਰਮੁਖੀ ਲਿਖਣ, ਪੜ੍ਹਨ ਵਲ, ਉਨ੍ਹਾਂ ਦੀ ਜ਼ਬਾਨ ਵਿਚ, ਪ੍ਰੇਰਨਾ ਕਰਨ, ਤਾਂ ਜੁ ਉਹ ਲੋਕ ਗੁਰਬਾਣੀ ਨੂੰ ਆਪਣੇ ਅਸਲੀ ਰੂਪ ਵਿਚ ਪੜ੍ਹਨ ਅਤੇ ਸਮਝਣ ਦਾ ਉਪਰਾਲਾ ਕਰ ਸਕਣ। ਕੇਵਲ ਇਸ ਪ੍ਰਕਾਰ ਪ੍ਰੇਰਤ ਹੋਈ ਲੁਕਾਈ ਹੀ, ਅੰਮ੍ਰਿਤ ਛਕ ਕੇ, ਨਾਮ ਬਾਣੀ ਨਾਲ ਜੁੜ ਕੇ, ਰੱਬ ਦੀ ਪ੍ਰਾਪਤੀ ਵਲ ਕੋਈ ਠੋਸ ਕਦਮ ਚੁੱਕ ਸਕਦੀ ਹੈ। ਐਵੇਂ ਨਹੀਂ। ਸਾਡੀਆਂ ਆਪਣੀਆਂ ਬੇ-ਗਿਣਤ ਨਸਲਾਂ, ਪੰਜਾਬੀ ਬੋਲੀ ਜਾਨਣ ਵਾਲੀਆਂ, ਅਤੇ ਇਨ੍ਹਾਂ ਵਿਚੋਂ ਬਹੁਤ ਸਾਰੀਆਂ ਗੁਰਮੁਖੀ ਲਿਖ-ਪੜ੍ਹ ਸਕਣ ਵਾਲੀਆਂ, ਨਾਮ ਬਾਣੀ ਤੋਂ ਬਿਲਕੁਲ ਸੁੰਨੀਆਂ ਫਿਰ ਰਹੀਆਂ ਹਨ। ਪਰਚਾਰ ਦੇ ਹਾਮੀ ਇਨ੍ਹਾਂ ਵਲ ਕਿਉਂ ਨਹੀਂ ਧਿਆਨ ਕਰਦੇ? ਇਨ੍ਹਾਂ ਨੂੰ ਗੁਰਬਾਣੀ ਦੀ ਮਹੱਤਤਾ ਕੌਣ ਸਮਝਾਏਗਾ? ਪਰਚਾਰ ਦਾ ਤਾਂ ਏਵੇਂ ਬਹਾਨਾ ਹੀ ਹੈ। ਉਨ੍ਹਾਂ ਦੇ ਮਨ ਵਿਚ ਤਾਂ ਲੜੀਦਾਰ ਸਰੂਪ ਦੀ ਵਿਰੋਧਤਾ ਅਤੇ ਪਦ-ਛੇਦ ਸਰੂਪ ਨੂੰ ਪਰਚਲਤ ਕਰਨ ਦੀ ਖੁਤਖੁਤੀ ਲਗੀ ਹੋਈ ਹੈ। ਅਜਿਹੇ ਪ੍ਰੇਮੀਆਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਹ ਸੱਜਣ ਇਸ ਗੱਲ ਨੂੰ ਸਹੀ ਅਰਥਾਂ ਵਿਚ ਸਮਝਣ ਦੀ ਕੋਸ਼ਿਸ਼ ਕਰਨ ਕਿ, 'ਪਦ-ਛੇਦ' ਅਲਪੱਗ ਜੀਵਾਂ ਦੀ ਮਨੋਮਤਿ ਦੀ ਕਾਢ ਹੈ, ਅਤੇ ਲੜੀਦਾਰ (ਜੁੜਤ ਸਰੂਪ) ਸਰਬਗ ਗੁਰੂ ਸਾਹਿਬ ਜੀ ਦੀ ਗੁਰਮਤਿ ਕਾਢ ਹੈ। ਸਾਹਿਬਾਂ ਦਾ ਹੁਕਮ ਭੀ ਹੈ ਕਿ—



www.AKJ.Org

ਮਨ ਕੀ ਮਤਿ ਤਿਆਗਹੁ ਹਰਿਜਨ ਏਹਾ ਬਾਤ ਕਠੈਨੀ ॥੩॥੫॥ (੮੮੦)

ਸੁਆਦ ਭੀ ਤਾਂ ਕਠਨ ਕੰਮ ਦੇ ਕਰਨ ਵਿਚ ਹੀ ਹੋਇਆ ਕਰਦਾ ਹੈ। ਸਹਿਲੇ ਕੰਮ ਨੂੰ ਤਾਂ ਹਾਰੀ ਸਾਰੀ ਹੀ ਹੱਥ ਪਾ ਲੈਂਦਾ ਹੈ। "ਮਿਸਲ ਫਕੀਰਾ ਗਾਖੜੀ ਪਾਈਐ ਪੂਰ ਕਰੰਮ"। 'ਤਤ' ਸਿੱਖੀ ਨੂੰ ਸਮਝਣ ਦੀ ਅਤੇ ਸਮਝ ਕੇ ਅਪਨਾਉਣ ਦੀ ਲੋੜ ਹੈ। ਸਿੱਖੀ ਨੂੰ ਔਖ ਅਤੇ ਸੌਖ ਦੇ ਜ਼ਾਵੀਏ ਤੋਂ ਨਹੀਂ ਵਿਚਾਰਨਾ ਚਾਹੀਦਾ। ਸਿੱਖੀ ਦਾ ਪਰਚਾਰ ਗਲੀਂ ਬਾਤੀਂ ਨਹੀਂ ਹੋ ਸਕਦਾ। ਇਹ ਪਰਚਾਰ ਤਾਂ, ਸਿਖੀ ਜੀਵਨ ਜੀਉ ਕੇ ਹੀ, ਹੋ ਸਕਦਾ ਹੈ। ਸਿੱਖੀ ਨੂੰ ਸੌਖੀ ਬਣਾਈ ਜਾਣ ਵਾਲਿਆਂ ਨੇ, ਦੇਖੋ ਸਿੱਖੀ ਰਹਿਤ ਦਾ ਕੀ ਹਾਲ ਕਰ ਦਿਖਾਇਆ ਹੈ। ਕਿਰਪਾਨ ਛੋਟੀ ਹੁੰਦੀ ਹੁੰਦੀ ਅੱਧੀ ਇੰਚ ਤੱਕ ਪਹੁੰਚ ਗਈ ਹੈ। ਵਿਚ ਹੀ ਕਿਰਪਾਨ, ਮਿਆਨ ਅਤੇ ਗਾਤਰੇ ਤੋਂ ਖਲਾਸੀ ਪਾਉਂਦੀ ਹੋਈ ਧਾਗੇ ਰਾਹੀਂ ਹੋ ਕੇ ਕੰਘੇ ਵਿਚ ਜਾ ਸਮਾਈ ਹੈ। ਕਛਹਿਰਾ ਆਪਣਾ ਖਾਲਸਈ ਰੂਪ ਤਿਆਗ ਕੇ ਪੱਛਮੀ ਸਭਿਅਤਾ ਦੇ ਅਸਰ ਅਧੀਨ ਕੁਝ ਦਾ ਕੁਝ ਬਣ ਗਿਆ ਹੈ। ਕੜੇ ਦੇ ਜੰਗਾਲ ਤੋਂ ਬਚਣ ਲਈ ਅਸੀਂ ਇਸ ਦੇ ਅਸਲੀ ਤੱਤ ਤੋਂ ਹੀ ਹੱਥ ਧੋ ਬੈਠੇ ਹਾਂ। ਕੰਘਾ ਕੇਵਲ ਬਰਾਏ ਰਹਿਤ ਹੀ ਰਹਿ ਗਿਆ ਹੈ, ਕੇਸਾਂ ਦੀ ਸੇਵਾ ਲਈ ਅਸੀਂ ਕੰਘੀਆਂ ਹੀ ਵਰਤਦੇ ਹਾਂ। ਕੇਸਕੀ (ਕੇਸਗੀ) ਨੂੰ ਪਹਿਰਨਾ ਤਾਂ ਇਕ ਪਾਸੇ ਰਿਹਾ, ਸਾਡੇ ਮਨਾਂ ਵਿੱਚ ਕੇਸਕੀ ਵਾਸਤੇ ਨਫਰਤ ਨੇ ਆ ਕੇ ਵਾਸਾ ਕਰ ਲਿਆ ਹੈ। ਇਹੋ ਹੀ ਹਾਲ ਅੰਮ੍ਰਿਤ ਵੇਲੇ ਦੇ ਉੱਠਣ ਦਾ ਹੈ। ਉੱਠਣ ਨੇ, ਕਈ ਬਹਾਨੇ ਬਣਾ ਕੇ, ਆਪਣੀ ਜਗ੍ਹਾ, ਮਿੱਠੀ ਨੀਂਦੇ ਸੌਣ ਨੂੰ ਦੇ ਦਿੱਤੀ ਹੈ। ਜਿਹੜਾ ਪਰਚਾਰ ਸਾਨੂੰ ਆਪ ਕਰਨਾ ਚਾਹੀਦਾ ਸੀ, ਉਹ ਅਸਾਂ ਫਿਲਮੀ ਐਕਟਰਾਂ ਦੇ ਹਵਾਲੇ ਕਰ ਦਿੱਤਾ ਹੈ। ਭਾਵ, ਕਿ ਹਰ ਪਹਿਲੂ ਤੋਂ ਸੌਖ ਅਤੇ ਆਰਾਮ ਹੀ ਸਾਡਾ ਨਿਸ਼ਾਨਾ ਬਣ ਗਿਆ ਹੈ। ਹੋਰ ਬਹੁਤੀ ਚਰਚਾ ਕੀ ਕਰਨੀ ਹੈ।

"ਕੋਈ ਆਇ ਮਿਲੈਗੋ ਗਾਹਕੀ ਲੈਗੋ ਮਹਗੋ ਮੋਲਿ ॥" (੧੩੧੬)

---

## ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਰੰਗਲੇ ਸਜਣ | ੭-੦੦ | ਜੇਲ੍ਹ ਚਿਠੀਆਂ | ੧੦-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੬-੫੦ | ਅਣਡਿਠੀ ਦੁਨੀਆ | — — |
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁਤਪ੍ਰਸਤੀ ਹੈ | ੩-੭੫ | ਸਚਖੰਡ ਦਰਸ਼ਨ | ੧-੭੫ |
| ਅਨਹਦ ਸ਼ਬਦ ਦਸਮ ਦੁਆਰ | ੬-੦੦ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੪-੦੦ |
| ਗੁਰਮਤਿ ਸੰਬੰਧੀ ਸ਼ੰਕਿਆਂ ਦੇ ਉਤਰ | ੦-੯੦ | ਅੰਮ੍ਰਿਤ ਕੀ ਹੈ ? | ੧-੦੦ |
| ਨਾਮ ਸੰਬੰਧੀ ਵਿਚਾਰ | ੦-੯੦ | ਸੁਪਨਾ ੦-੬੦ ਵਾਹਿਗੁਰੂ ਸਿਮਰਨ | ੦-੫੦ |
| ਆਸਤਕ ਤੇ ਨਾਸਤਕ | ੦-੩੫ | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੨੫ |

## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

| | | | |
|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ ੭-੦੦, | ੪-੦੦ | ਵੈਸਾਖੀ ਦਾ ਖੂਨੀ ਸਾਕਾ ਤੇ ਸ਼ਹੀਦੀ ਜੀਵਨ | ੧-੫੦ |
| ਜੀਵਨ ਚਰਿਤਰ ਭਾ: ਸਾਹਿਬ ਰਣਧੀਰ ਸਿੰਘ ਜੀ | — | ਖਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ |
| ਭਾ:ਸਾ:ਰਣਧੀਰ ਸਿੰਘ ਸ਼ਤਾਬਦੀ ਅੰਕ(ਸਚਿਤ੍ਰ) | ੨-੫੦ | ਸਬਦੁ ਗੁਰ ਪੀਰਾ (ਭਾ: ਸਾ: ਰਣਧੀਰ ਸਿੰਘ) | — |
| ਰਹਿਤ ਮਰਯਾਦਾ ਅੰਕ | ੨-੦੦ | ਗੁਰਬਾਣੀ ਦੀ ਪਾਰਸ ਕਲਾ ,, | ੦-੭੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੦-੪੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੦-੫੦ | ਕੀ ਕੇਸ ਰਖਣੇ ਜ਼ਰੂਰੀ ਹਨ ,, | ੦-੬੦ |
| HAIR—A Divine gift | 0-40 | ਗੁਰ ਮੇਰੈ ਸੰਗਿ ਸਦਾ ਹੈ ਨਾਲੇ ,, | ੦-੫੦ |
| Dawn of Divine Wisdom | 0-75 | ਗੁਰਮਤਿ ਅਨਹਦ ਸ਼ਬਦ ,, | ੦-੪੫ |



www.AKJ.Org

# ਜੀਵਨ ਝਲਕੀਆਂ ਡਾ: ਸੁਰਿੰਦਰ ਸਿੰਘ ਜੀ

( ੨ )

ਗੁਰਮੁਖਾਂ ਦੀਆਂ ਜੀਵਨ ਘਟਨਾਵਾਂ ਨੂੰ ਲਿਖਣਾ ਏਨਾ ਹੀ ਕਠਿਨ ਹੈ ਜਿੰਨਾ ਕਿ ਸਮੁੰਦਰ ਨੂੰ ਕੁਜੀ ਵਿਚ ਬੰਦ ਕਰਨਾ। ਪੁਗੇ ਹੋਏ ਗੁਰੂ ਪਿਆਰਿਆਂ ਨੂੰ ਕਿਸੇ ਹੱਦ ਵਿਚ ਲਿਆਉਣਾ ਸੋਚ-ਸ਼ਕਤੀ ਤੋਂ ਬਾਹਰਾ ਹੈ। ਸੋ ਜਤਨ ਹੈ ਕਿ ਟੁੱਟੇ ਫੁੱਟੇ ਸਾਧਾਰਨ ਅਖਰਾਂ ਵਿਚ ਡਾਕਟਰ ਸੁਰਿੰਦਰ ਸਿੰਘ ਜੀ ਦੀ ਜੀਵਨੀ ਦੇ ਕੁਝ ਪਹਿਲੂ ਸਾਧ ਸੰਗਤ ਦੀ ਭੇਟਾ ਕੀਤੇ ਜਾਣ।

ਜਾਗਤ ਜੋਤਿ ਜਪੈ ਨਿਸ ਬਾਸੁਰ, ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ ॥
ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾ ਨਹਿ ਏਕ ਪਛਾਨੈ ॥
ਪੂਰਨ ਜੋਤਿ ਜਗੈ ਘਟ ਮੈ, ਤਬ ਖਾਲਸ ਤਾਹਿ ਨਖਾਲਸ ਜਾਨੈ ॥

ਦਸਮੇਸ਼ ਪਿਤਾ ਜੀ ਦੇ ਉਪਰੋਕਤ ਫੁਰਮਾਨ ਅਨੁਸਾਰ ਹੀ ਡਾਕਟਰ ਜੀ ਪੂਰਨ ਖਾਲਸਾ ਜੀਵਨ ਬਤੀਤ ਕਰਦੇ ਹੋਏ ਇਸ ਸੰਸਾਰ ਵਿਚ ਵਿਚਰਦੇ ਰਹੇ ਅਤੇ ਪੂਰਨ ਖਾਲਸਾ ਰੰਗਾਂ ਵਿਚ ਸੰਸਾਰ ਤੋਂ ਉਡਾਰੀ ਮਾਰ ਗਏ।

**ਜਨਮ ਅਤੇ ਬਚਪਨ :–**

ਆਪ ਜੀ ਦੇ ਪਿਤਾ ਦਾ ਨਾਂ *ਸੂਬੇਦਾਰ ਹਰਬਚਨ ਸਿੰਘ ਜੀ ਤੇ ਮਾਤਾ ਦਾ ਨਾਂ ਤੇਜ ਕੌਰ ਸੀ। ਜਦੋਂ ਆਪ ਜੀ ਦਾ ਜਨਮ ਹੋਇਆ ਉਦੋਂ ਸੂਬੇਦਾਰ ਹਰਬਚਨ ਸਿੰਘ ਜੀ ਜ਼ਿਲਾ ਮਿੰਟਗੁਮਰੀ ਦੀ ਬਾਰ ਵਿਚ ਚੱਕ ਨੰਬਰ ੫੨ ਵਿਚ ਉਕਾੜੇ ਲਾਗੇ ਰਹਿ ਰਹੇ ਸਨ। ਦੇਸ਼ ਦੇ ਵੰਡ ਵੰਡੀਈਏ ਨੇ ਇਸ ਸਥਾਨ ਨੂੰ ਇਕ ਅਭੁਲ ਯਾਦ ਬਣਾ ਦਿਤਾ ਹੈ। ਡਾਕਟਰ ਜੀ ਦੇ ਪੂਜਯ ਪਿਤਾ ਸੂਬੇਦਾਰ ਹਰਬਚਨ ਸਿੰਘ ਜੀ ਅਤੇ ਬਾਊ ਮੱਲ ਸਿੰਘ ਜੀ ਫੋਜ ਵਿਚ ਇਕੱਠੇ ਹੀ ਰਹਿੰਦੇ ਰਹੇ ਹਨ। ਇਹਨਾਂ ਦਾ ਆਪਸ ਵਿਚ ਬਹੁਤ ਹੀ ਨਿੱਘਾ ਪਿਆਰ ਸੀ। ਤਕਰੀਬਨ ਸੰਨ ੧੯੨੦ ਵਿਚ ਪਰਮ ਮਿਤਰਾਂ ਦੀ ਇਹ ਜੋੜੀ ਪੈਨਸ਼ਨ ਆਈ। ਸੂਬੇਦਾਰ ਜੀ ਨੇ ਸਰਕਾਰ ਵਲੋਂ ਮਿਲਿਆ ਮੁਰੱਬਾ ਵੀ ਬਾਊ ਜੀ ਦੇ ਨਾਲ ਹੀ ਉਕਾੜਾ ਵਿਖੇ ਅਲਾਟ ਕਰਵਾ ਲਿਆ। ਚੱਕ ਨੰਬਰ ੫੨/੨ ਐਲ ਵਿਖੇ ਇਹਨਾਂ ਦੇ ਮਕਾਨ ਦੀ ਪਿਠ ਬਾਊ ਜੀ ਦੇ ਮਕਾਨ ਨਾਲ ਲਗਦੀ ਸੀ।

ਡਾਕਟਰ ਜੀ ਦੇ ਦਾਦਾ ਸੂਬੇਦਾਰ ਮਾਨ ਸਿੰਘ ਜੀ ਸਨ। ਸੂਬੇਦਾਰ ਮਾਨ ਸਿੰਘ ਜੀ ੩੯ ਨੰਬਰ ਰਸਾਲੇ ਵਿਚ ਹੈਡ ਕਲਰਕ ਸਨ। ਇਹ ਬਹੁਤ ਹੀ ਗੁਰਮੁਖ ਸਨ। ਮਾਨ ਯੋਗ ਬਾਊ ਮੱਲ ਸਿੰਘ ਜੀ ਵੀ ਇਸੇ ਰਸਾਲੇ ਵਿਚ ਨਿਯੁਕਤ ਸਨ। ਬਾਊ ਜੀ ਦਾ ਭਾਈ ਮਾਨ ਸਿੰਘ ਜੀ ਦੇ ਘਰ ਕਾਫੀ ਆਉਣ ਜਾਣ ਸੀ। ਭਾਈ ਮਾਨ ਸਿੰਘ ਜੀ ਦੇ ਸਪੁਤਰ ਭਾਈ ਹਰਬਚਨ ਸਿੰਘ ਜੀ ਨੇ ਬਾਊ ਮੱਲ ਸਿੰਘ ਜੀ ਦੀ ਸੰਗਤ ਸਦਕਾ ਹੀ ਅੰਮ੍ਰਿਤ ਪਾਨ ਕੀਤਾ ਸੀ ਅਤੇ ਅੰਮ੍ਰਿਤ ਪਾਨ ਕਰਦੇ ਸਾਰ ਹੀ ਦਸਮ ਦੁਆਰ ਦੇ ਉਚ ਅਟਾਰਿਆਂ ਵਿਚ ਜਾ ਬਿਰਾਜੇ। ਫਿਰ ਸਾਰੀ ਉਮਰ ਇਹਨਾਂ ਰੰਗਾਂ ਵਿਚ ਹੀ ਵਿਚਰਦੇ ਰਹੇ। ਸਰਦਾਰ ਮਾਨ ਸਿੰਘ ਦਾ ਅਤੇ ਇਹਨਾਂ ਦੇ ਬੱਚੇ ਹਰਬਚਨ ਸਿੰਘ ਜੀ ਦਾ ਹਿਰਦਾ ਬੜਾ ਹੀ ਵਿਸ਼ਾਲ ਸੀ, ਪੁਜ ਕੇ

---

*ਸੂਬੇਦਾਰ ਹਰਬਚਨ ਸਿੰਘ ਜੀ ਦਾ ਗੁਰਮੁਖੀ ਜੀਵਨ ਸੰਖੇਪ ਜਿਹਾ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਆਪਣੀ ਪੁਸਤਕ "ਰੰਗਲੇ ਸਜਣ" ਵਿਚ "ਸ੍ਰੀ ਦੂਲੋਸ਼ਰ ਵੀਰ ਹੀਰਾ ਹਰਬਚਨ ਸਿੰਘ" ਵਿਚ ਦਿਤਾ ਹੈ। ਵਧੇਰੇ ਵੇਰਵੇ ਲਈ ਦੇਖੋ ਪੁਸਤਕ "ਪੂਰਬ ਜਨਮ ਕੇ ਮਿਲੇ ਸੰਜੋਗੀ"।



www.AKJ.Org

ਉਦਾਰ ਸੀ। ਗੁਪਤ ਦਾਨੀ ਇਹਨਾਂ ਵਰਗਾ ਕੋਈ ਵਿਰਲਾ ਹੀ ਮਿਲਦਾ ਹੈ। ਗੁਰਸਿਖਾਂ ਲਈ ਅਤੇ ਲੋੜਵੰਦਿਆਂ ਲਈ ਆਪਣਾ ਤਨ, ਮਨ ਅਤੇ ਧਨ ਵਾਰ ਦੇਣਾ ਉਹਨਾਂ ਲਈ ਇਕ ਸਹਿਜ ਸੁਹੇਲੀ ਖੇਡ ਸੀ। ਇਹਨਾਂ ਵਿਚ ਹਉਮੈ ਅਹੰਕਾਰ ਦਾ ਤਾਂ ਲੇਪ ਛੇਪ ਵੀ ਨਹੀਂ ਸੀ।

ਡਾਕਟਰ ਜੀ ਦੇ ਜਨਮ ਤੋਂ ਪਹਿਲਾਂ ਸੂਬੇਦਾਰ ਹਰਬਚਨ ਸਿੰਘ ਜੀ ਦੇ ਘਰ ਮਾਤਾ ਤੇਜ ਕੌਰ ਜੀ ਦੀ ਕੁਖੋਂ ਦੱਸਾਂ ਬੱਚੇ-ਬੱਚੀਆਂ ਨੇ ਜਨਮ ਲਿਆ ਸੀ ਅਤੇ ਇਹ ਦੱਸਾਂ ਦੇ ਦੱਸ ਬੱਚੇ ਹੀ ਥੋੜੀ ਥੋੜੀ ਆਯੂ ਬਤੀਤ ਕਰ ਕੇ ਗੁਰੂ ਨੂੰ ਪਿਆਰੇ ਹੋ ਜਾਂਦੇ ਰਹੇ। ਡਾਕਟਰ ਜੀ ਦੇ ਮਾਤਾ ਜੀ ਵਡਮੁਲੀ ਗੁਰਮੁਖ ਰੂਹ ਸਨ। ਇਤਨੇ ਬੱਚੇ ਚੜ੍ਹਾਈ ਕਰ ਜਾਣ ਦੇ ਬਾਵਜੂਦ ਵੀ ਆਪ ਜੀ ਸਿਖੀ ਸਿਦਕ ਤੇ ਦ੍ਰਿੜ੍ਹ ਰਹੇ ਅਤੇ ਜੇ ਵੈਰਾਗ ਵਿਚ ਆਉਂਦੇ ਤਾਂ ਨਿਮਰੀਭੂਤ ਹੋ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਜੁੜ ਕੇ ਆਪਣੇ ਜੀਅ ਦੀ ਗੁਹਜ ਗੱਲ ਕਹਿੰਦੇ ਅਤੇ ਹੁਕਮ ਮੰਨ ਕੇ ਸੰਤੁਸ਼ਟ ਰਹਿੰਦੇ। ਫਿਰ ਵੀ ਕਦੇ ਕਦਾਈਂ ਆਪਣੇ ਪਤੀ ਜੀ ਨੂੰ ਕਹਿੰਦੇ ਕਿ ਇਹ ਬਿਖਮ ਭਾਣੇ ਕਿੰਨੀ ਕੁ ਦੇਰ ਤਕ ਵਰਤਦੇ ਰਹਿਣਗੇ। ਗੁਰਮੁਖ ਪਿਆਰੇ ਭਾਈ ਹਰਬਚਨ ਸਿੰਘ ਜੀ ਕਹਿੰਦੇ ਕਿ ਇਹ ਜਿਹੜੇ ਬੱਚੇ ਸਾਡੇ ਘਰ ਜਨਮ ਲੈਂਦੇ ਹਨ, ਪਿਛਲੇ ਜਨਮ ਦੇ ਕੋਈ ਭਗਤ ਜਨ ਹਨ। ਉਹ ਆਪਣੀ ਰਹਿ ਗਈ ਕਮੀ ਪੂਰੀ ਕਰਨ ਲਈ ਸਾਡੇ ਗ੍ਰਿਹਿ ਵਿਖੇ ਸਿਰਫ਼ ਅੰਮ੍ਰਿਤ ਪਾਨ ਕਰਨ ਖ਼ਾਤਰ ਹੀ ਪਧਾਰਦੇ ਹਨ ਅਤੇ ਜਦੋਂ ਗੁਰੂ ਕੀ ਮੋਹਰ ਲਗ ਜਾਂਦੀ ਹੈ ਤਾਂ ਸਚਖੰਡ ਨੂੰ ਕੂਚ ਕਰ ਜਾਂਦੇ ਹਨ। ਇਸ ਲਈ ਇਹਨਾਂ ਦੇ ਵਿਛੋੜੇ ਵਿਚ ਵੈਰਾਗ ਕਰਨਾ ਨਹੀਂ ਸ਼ੋਭਦਾ।

ਪਰ ਮਾਂ ਦੀ ਮਮਤਾ ਵਿਛੋੜੇ ਦੇ ਇਹ ਸੱਲ ਕਿੰਨੀ ਕੁ ਦੇਰ ਤਕ ਝਲ ਸਕਦੀ ਸੀ। ਗਿਆਰਵੇਂ ਬੱਚੇ ਦੇ ਜਨਮ ਤੋਂ ਪਹਿਲਾਂ ਮਾਤਾ ਜੀ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਾਸ ਜੋਦੜੀ ਕੀਤੀ, "ਸਾਈਆਂ ਜੀਉ, ਤੁਠੋ, ਬਖਸ਼ਸ਼ਾਂ ਕਰੋ, ਇਹ ਬੱਚਾ ਜਿਹੜਾ ਸਾਡੇ ਘਰ ਭੇਜੋਗੇ, ਆਯੂ ਵਾਲਾ ਹੋਵੇ। ਅਤੇ ਨਾਲ ਹੀ ਇਹ ਵੀ ਪ੍ਰਣ ਕੀਤਾ ਕਿ ਇਸ ਬੱਚੇ ਦਾ ਨਾਮ-ਸੰਸਕਾਰ ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਕਰਾਂਗੇ।

"ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ॥ (੮੧੯)

ਉਪਰੋਕਤ ਪੁਕਾਰ ਵਾਹਿਗੁਰੂ ਪਿਤਾ ਜੀ ਨੇ ਬਿਲਕੁਲ ਨੇੜੇ ਹੋ ਕੇ ਸੁਣੀ। ੩੦ ਅਕਤੂਬਰ ੧੯੨੬ ਦੇ ਦਿਨ ਇਕ ਉਤਮ ਰੂਹ ਦਾ ਜਨਮ ਹੋਇਆ ਅਤੇ ਇਕ ਸਾਲ ਤੋਂ ਬਾਅਦ ਇਸ ਗੁਰਮੁਖ ਰੂਹ ਦਾ ਨਾਮ-ਸੰਸਕਾਰ ਅਰਦਾਸ ਮੁਤਾਬਕ ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਜਾ ਕੇ ਕੀਤਾ ਗਿਆ। ਉਥੇ ਹੀ ਸੁਰਿੰਦਰ ਸਿੰਘ ਨਾਂ ਰੱਖਿਆ ਗਿਆ। ਇਸ ਪਵਿਤਰ ਦੰਪਤੀ ਦਾ ਇਹ ਪਹਿਲਾ ਫਲ ਸੀ ਜਿਹੜਾ ਕਿ ਦੱਸਾਂ ਬੱਚਿਆਂ ਤੋਂ ਬਾਅਦ ਵਾਹਿਗੁਰੂ ਪਿਤਾ ਦੀ ਕਿਰਪਾ ਦਾ ਸਦਕਾ ਬਚਿਆ ਰਿਹਾ।

ਭਾਈ ਸੁਰਿੰਦਰ ਸਿੰਘ ਜੀ ਆਪਣੇ ਪਰਵਾਰ ਵਿਚੋਂ ਸਭ ਤੋਂ ਵੱਡੇ ਸਨ। ਆਪ ਜੀ ਦਾ ਹੋਰ ਇਕ ਭਰਾ ਅਤੇ ਦੋ ਭੈਣਾਂ ਹਨ। ਡਾਕਟਰ ਜੀ ਤੋਂ ਦੂਜੇ ਨੰਬਰ ਤੇ ਇਹਨਾਂ ਦੀ ਭੈਣ ਬੀਬੀ ਹਰਜੀਤ ਕੌਰ ਜੀ ਹਨ। ਇਸ ਬੀਬੀ ਦੇ ਪਤੀ ਸ: ਓਂਕਾਰ ਸਿੰਘ ਜੀ ਰੀਟਾਇਰਡ ਜੱਜ ਹਨ, ਅਤੇ ਇਸ ਸਮੇਂ ਪਾਉਂਟਾ ਸਾਹਿਬ ਵਿਖੇ ਰਹਿ ਰਹੇ ਹਨ। ਇਹਨਾਂ ਦੇ ਲੜਕੇ ਭਾਈ ਗੁਰਸ਼ਰਨ ਸਿੰਘ ਨੂੰ ਡਾਕਟਰ ਜੀ ਦੀ ਵੱਡਮੁਲੀ ਸੰਗਤ ਪ੍ਰਾਪਤ ਰਹੀ ਹੈ, ਜੋ ਇਸ ਸਮੇਂ ਹਰਬਰਟਪੁਰ ਜ਼ਿਲਾ ਡੇਹਰਾਦੂਨ ਵਿਖੇ ੪੦ ਏਕੜ ਜ਼ਮੀਨ ਦੇ ਫਾਰਮ ਦੀ ਦੇਖ ਰੇਖ ਕਰਦੇ ਹਨ ਅਤੇ ਗੁਪਤ ਰਹਿ ਕੇ ਨਾਮ-ਬਾਣੀ ਵਿਚ ਜੁੱਟੇ ਰਹਿੰਦੇ ਹਨ।

ਡਾਕਟਰ ਜੀ ਤੋਂ ਤੀਜੇ ਨੰਬਰ ਤੇ ਆਪ ਜੀ ਦਾ ਵੀਰ ਅਮਰਜੀਤ ਸਿੰਘ ਹੈ। ਉਹ ਇਸ ਸਮੇਂ ਬ੍ਰਿਟਿਸ਼ ਪੋਸਟਲ ਸਰਵਿਸ ਵਿਚ ਇੰਗਲੈਂਡ ਸਰਵਿਸ ਕਰ ਰਹੇ ਹਨ। ਡਾਕਟਰ ਜੀ ਤੋਂ ਚੌਥੇ ਨੰਬਰ ਤੇ ਬੀਬੀ ਮੋਹਿੰਦਰ ਕੌਰ ਜੀ ਹਨ ਅਤੇ ਉਹ ਆਪਣੇ ਪਤੀ ਸ: ਜਗਜੀਤ ਸਿੰਘ ਜੀ ਨਾਲ ਪਹਿਲਾਂ ਬੰਬਈ ਰਹਿੰਦੇ ਸਨ, ਜੋ ਕਿ ਨੇਵੀ ਵਿਚ ਸਰਵਿਸ ਕਰਦੇ ਸਨ। ਹੁਣ ਉਹ ਰੀਟਾਇਰ ਹੋ ਕੇ ਬਾਹਰ ਸਿਵਲ ਵਿਚ



www.AKJ.Org

ਰਹਿ ਰਹੇ ਹਨ।

ਡਾਕਟਰ ਜੀ ਨੇ ਅਜੇ ਪੂਰੀ ਤਰ੍ਹਾਂ ਹੋਸ਼ ਵੀ ਨਹੀਂ ਸੀ ਸੰਭਾਲੀ ਕਿ ਆਪ ਜੀ ਦੇ ਸਿਰ ਤੋਂ ਮਾਤਾ ਪਿਤਾ ਦਾ ਸਾਇਆ ਉਠ ਗਿਆ। ਮਾਤਾ ਪਿਤਾ ਦੇ ਵਿਛੋੜਾ ਦੇ ਜਾਣ ਬਾਅਦ ਆਪ ਜੀ ਨੂੰ ਨਿਕੇ ਵੀਰ ਅਤੇ ਭੈਣਾਂ ਸਮੇਤ ਆਪਣੇ ਨਾਨਾ ਨਾਨੀ ਜੀ ਪਾਸ ਰਹਿਣਾ ਪਿਆ। ਡਾਕਟਰ ਜੀ ਦੇ ਨਾਨਾ ਜੀ ਕਾਫ਼ੀ ਬਿਰਧ ਹੋ ਚੁਕੇ ਸਨ ਅਤੇ ਉਹਨਾਂ ਨੇ ਸਮੇਂ ਦੀ ਨਜ਼ਾਕਤ ਨੂੰ ਵਿਚਾਰਦਿਆਂ ਇਹਨਾਂ ਚੌਹਾਂ ਭੈਣਾਂ ਭਰਾਵਾਂ ਨੂੰ ਇਹਨਾਂ ਦੇ ਤਾਏ ਦੇ ਘਰ ਭੇਜ ਦਿਤਾ। ਆਪ ਦੇ ਤਾਇਆ ਸ: ਹਰਦਿਤ ਸਿੰਘ ਜੀ ਉਦੋਂ ਮੇਰਠ ਵਿਖੇ ਪੁਲਿਸ ਡਿਪਟੀ ਸੁਪ੍ਰਟੈਂਡੈਂਟ ਸਨ। ਸ: ਹਰਦਿਤ ਸਿੰਘ ਦੇ ਗ੍ਰਹਿ ਵਿਖੇ ਹੀ ਡਾਕਟਰ ਜੀ ਦੇ ਪਿਤਾ ਜੀ ਨੇ ਸਰੀਰ ਛੱਡਿਆ ਸੀ।

ਸਰਦਾਰ ਹਰਦਿਤ ਸਿੰਘ ਦਾ ਆਪਣਾ ਬੱਚਾ ਕੋਈ ਨਹੀਂ ਸੀ ਅਤੇ ਉਹਨਾਂ ਨੇ ਇਹਨਾਂ ਚੌਹਾਂ ਭੈਣ ਭਰਾਵਾਂ ਨੂੰ ਰੱਖਣਾ ਬੜੀ ਹੀ ਖੁਸ਼ੀ ਨਾਲ ਕਬੂਲ ਲਿਆ। ਮੇਰਠ ਵਿਖੇ ਇਹਨਾਂ ਪਾਸ ਬੜਾ ਵੱਡਾ ਬੰਗਲਾ ਸੀ ਅਤੇ ਕਈ ਨੌਕਰ ਚਾਕਰ ਸਨ। ਇਥੋਂ ਤਕ ਕਿ ਇਹਨਾਂ ਨੇ ਬੰਗਲੇ ਵਿਚ ਕਈ ਕਿਸਮ ਦੇ ਜਾਨਵਰ ਆਦਿ ਪਾਲੇ ਹੋਏ ਸਨ। ਇਥੇ ਇਹਨਾਂ ਭੈਣ ਭਰਾਵਾਂ ਨੂੰ ਆਪਣੇ ਮਾਤਾ ਪਿਤਾ ਦਾ ਵਿਛੋੜਾ ਤਾਂ ਭਾਵੇਂ ਨਹੀਂ ਸੀ ਭੁਲਦਾ, ਪਰ ਪੂਰੀਆਂ ਸ਼ਹਿਨਸ਼ਾਹੀ ਸਹੂਲਤਾਂ ਹਾਸਲ ਹੋਣ ਕਰਕੇ ਬਿਰਹੋਂ ਦਾ ਸੇਕ ਕੁਝ ਘਟ ਗਿਆ।

ਡਾਕਟਰ ਜੀ ਦੀ ਬਚਪਨ ਤੋਂ ਹੀ ਰੁਚੀ ਸਾਧੂਆਂ ਵਾਲੀ ਸੀ। ਨਿੱਕੇ ਹੁੰਦਿਆਂ ਵੀ ਆਪ ਜੀ ਦਾ ਮਨ ਬਹੁਤ ਹੀ ਉਦਾਰ-ਚਿਤ ਤੇ ਦਇਆਲੂ ਸੀ। ਬੰਗਲੇ ਵਿਚ ਰੱਖੇ ਹੋਏ ਜਾਨਵਰਾਂ ਨਾਲ ਆਪ ਜੀ ਬਹੁਤ ਪਿਆਰ ਕਰਦੇ ਸਨ। ਇਥੋਂ ਦੀ ਇਕ ਬੜੀ ਦਿਲਚਸਪ ਘਟਨਾ ਆਪ ਜੀ ਦੀ ਛੋਟੀ ਭੈਣ ਹਰਜੀਤ ਕੌਰ ਨੇ ਇਉਂ ਦੱਸੀ ਹੈ ਕਿ ਡਾਕਟਰ ਜੀ ਘਰ ਵਿਚ ਪਾਲੀਆਂ ਮੁਰਗੀਆਂ ਨੂੰ ਰੋਜ਼ਾਨਾ ਚੋਗਾ ਆਦਿ ਸਮੇਂ ਸਿਰ ਪਾਇਆ ਕਰਦੇ ਸਨ ਅਤੇ ਉਹਨਾਂ ਨਾਲ ਖੇਡਦੇ ਰਹਿੰਦੇ ਸਨ। ਇਕ ਦਿਨ ਕੋਈ ਖਾਸ ਪਾਰਟੀ ਸੀ। ਨੌਕਰਾਂ ਨੇ ਮੁਰਗੀਆਂ ਫੜ ਲਈਆਂ ਅਤੇ ਡਾਕਟਰ ਜੀ ਦੇ ਸਾਹਮਣੇ ਹੀ ਉਨ੍ਹਾਂ ਨੂੰ ਕੱਟ-ਵਢ ਦਿਤਾ। ਬਸ ਫਿਰ ਕੀ ਸੀ, ਡਾਕਟਰ ਜੀ ਨੇ ਆਪਣੇ ਦਿਲ ਤੇ ਇਹੋ ਜਿਹੀ ਲਾਈ ਕਿ ਦੋ ਤਿੰਨ ਦਿਨ ਨਾ ਆਪ ਨੇ ਅਤੇ ਨਾ ਹੀ ਆਪ ਦੀ ਭੈਣ ਹਰਜੀਤ ਕੌਰ ਨੇ ਕੁਝ ਖਾਧਾ ਪੀਤਾ ਅਤੇ ਦੋਹਾਂ ਨੂੰ ਬੁਖ਼ਾਰ ਹੋ ਗਿਆ। ਭੈਣ ਤਾਂ ਜਲਦੀ ਠੀਕ ਹੋ ਗਈ, ਪਰ ਵੀਰ ਦੇ ਦਿਲ ਤੇ ਇਸ ਦਾ ਏਨਾ ਅਸਰ ਹੋਇਆ ਕਿ ਠੀਕ ਹੋਣ ਵਿਚ ਹੀ ਨਾ ਆਉਣ। ਇਸ ਤੋਂ ਬਾਅਦ ਆਪ ਦੀ ਤਾਈ ਨੇ ਨੌਕਰਾਂ ਨੂੰ ਮਨ੍ਹਾ ਕਰ ਦਿਤਾ ਕਿ ਜਿਹੜਾ ਜਾਨਵਰ ਬੱਚਿਆਂ ਨੇ ਪਾਲਿਆ ਹੋਵੇ, ਉਸਨੂੰ ਬਿਲਕੁਲ ਨਹੀਂ ਛੇੜਨਾ। ਡਾਕਟਰ ਜੀ ਬਚਪਨ ਤੋਂ ਹੀ ਇਤਨੇ ਨਰਮ-ਦਿਲ ਸਨ ਕਿ ਕਿਸੇ ਦਾ ਦੁਖ ਆਪਣੀ ਅਖੀਂ ਨਹੀਂ ਸਨ ਦੇਖ ਸਕਦੇ।

## ਮੁਢਲੀ ਵਿਦਿਆ :-

ਮੁਢਲੀ ਵਿਦਿਆ ਆਪ ਜੀ ਨੇ ਮੇਰਠ ਅਤੇ ਡੇਹਰਾਦੂਨ ਵਿਖੇ ਪ੍ਰਾਪਤ ਕੀਤੀ। ਮੇਰਠ ਵਿਖੇ ਆਪ ਜੀ ਨੇ ਪ੍ਰਾਇਮਰੀ ਕੀਤੀ ਅਤੇ ਪੰਜਵੀਂ ਕਰਨ ਤੋਂ ਬਾਅਦ ਇਹਨਾਂ ਦੇ ਤਾਇਆ ਜੀ ਦੀ ਬਦਲੀ ਡੇਹਰਾਦੂਨ ਹੋ ਗਈ। ਉਥੇ ਹੀ ਆਪ ਜੀ ਨੂੰ ਸੇਂਟ ਜੋਸਫ਼ ਅਕੈਡਮੀ ਵਿਚ ਦਾਖ਼ਲ ਕਰਵਾ ਦਿਤਾ ਗਿਆ। ਉਥੋਂ ਆਪ ਜੀ ਨੇ ਬੜੇ ਹੀ ਅਛੇ ਨੰਬਰਾਂ ਵਿਚ ਸੀਨੀਅਰ ਕੈਂਬਰਿਜ ਪਾਸ ਕਰ ਲਈ। ਡਾਕਟਰ ਜੀ ਵਿਦਿਆ-ਪ੍ਰਾਪਤੀ ਸਮੇਂ ਅਤੇ ਬਚਪਨ ਵਿਚ ਰਾਜਕੁਮਾਰਾਂ ਵਾਂਗ ਰਹਿੰਦੇ ਰਹੇ। ਜੋ ਇਹ ਹੁਕਮ ਕਰ ਦਿੰਦੇ ਸਨ, ਉਵੇਂ ਹੀ ਸਭ ਨੂੰ ਮੰਨਣਾ ਪੈਂਦਾ ਸੀ। ਨੌਕਰਾਂ ਨੇ ਹੀ ਆਪ ਨੂੰ ਕਾਰ ਚਿ ਸਕੂਲ ਲਿਜਾਣਾ ਅਤੇ ਨੌਕਰਾਂ ਹੀ ਵਾਪਸ ਲਿਆਉਣਾ। ਡਾਕਟਰ ਜੀ ਦੇ ਉਦਾਰ ਹਿਰਦੇ ਨੇ ਕਦੀ ਵੀ ਕਿਸੇ ਨੌਕਰ ਨੂੰ ਕੋਈ ਦੁਖਦਾਈ ਸ਼ਬਦ ਨਾ



www.AKJ.Org

ਆਖਣਾ ਅਤੇ ਨਾ ਹੀ ਕਦੇ ਅਹਿਲਕਾਰਾਂ ਵਾਂਗ ਹੁਕਮ ਕਰਨਾ। ਆਪ ਦੇ ਹੁੰਦਿਆਂ ਜੇ ਕੋਈ ਨੌਕਰਾਂ ਨੂੰ ਝਿੜਕਦਾ ਵੀ ਤਾਂ ਆਪ ਨੇ ਕਹਿਣਾ ਕਿ ਕੀ ਇਹ ਇਨਸਾਨ ਨਹੀਂ। ਮਨੁਖ-ਮਾਤਰ ਲਈ ਕਿੰਨਾ ਪਿਆਰ-ਸਤਿਕਾਰ ਸੀ ਆਪ ਦੇ ਹਿਰਦੇ ਵਿਚ, ਬਾਲੜੀ ਉਮਰੇ ਹੀ। ਸੀਨੀਅਰ ਕੈਂਬਰਿਜ ਕਰਨ ਪਿਛੋਂ ਆਪ ਨੇ ਕਾਲਜ ਦਾਖ਼ਲ ਹੋ ਕੇ ਬੀ. ਏ. ਕੀਤੀ। ਕਾਲਜ ਦੀ ਵਿਦਿਆ ਤੋਂ ਬਾਅਦ ਆਪ ਨੇ ਪਾਰਟ ਟਾਈਮ ਆਟੋਮੋਬਾਈਲ ਇੰਜੀਨੀਅਰਿੰਗ ਦਾ ਡਿਪਲੋਮਾ ਵੀ ਕੀਤਾ।

**ਨੌਕਰੀ ਕਰਨੀ :—**

ਦੁਨਿਆਵੀ ਵਿਦਿਆ ਡਾਕਟਰ ਜੀ ਨੇ ਜਿੰਨੀ ਹਾਸਲ ਕਰਨੀ ਸੀ, ਉਹ ਆਪ ਨੇ ਸੰਨ ੧੯੪੪ ਤਕ ਮੁਕਾ ਲਈ। ਹੁਣ ਆਪ ਜੀ ਦਾ ਰੁਝਾਨ ਕੋਈ ਸਰਵਿਸ ਕਰਨ ਦਾ ਬਣਿਆ ਅਤੇ ਆਪ ਜੀ ਆਪਣੀ ਭੈਣ ਹਰਜੀਤ ਕੌਰ ਪਾਸ ਦਿਲੀ ਪੁਜੇ। ਉਥੇ ਉਹਨਾਂ ਨੇ 'ਪਿਆਰੇ ਲਾਲ ਐਂਡ ਸੰਨਜ਼' ਫ਼ਰਮ ਵਿਚ ਨੌਕਰੀ ਕਰ ਲਈ। ੧੯੪੮ ਵਿਚ ਆਪ ਨੇ ਇਸ ਨੌਕਰੀ ਤੋਂ ਅਸਤੀਫ਼ਾ ਦੇ ਦਿਤਾ।

ਇਥੋਂ ਆਪ ਜੀ ਬੰਬੇ ਆਪਣੀ ਭੈਣ ਮੋਹਿੰਦਰ ਕੌਰ ਜੀ ਪਾਸ ਗਏ। ਬੰਬੇ ਵਿਚ ਇਹਨਾਂ ਨੇ 'ਫ਼ਾਇਰ ਸਟੋਨ ਕੰਪਨੀ' ਵਿਚ ਇੰਟਰਵੀਊ ਦਿਤੀ ਅਤੇ ਸੀਲੈਕਟ ਹੋ ਗਏ। ਇਥੇ ਨੌਕਰੀ ਕਰਨ ਸਮੇਂ ਹੀ ਆਪ ਜੀ ਨੂੰ ਨਾਨੀ ਜੀ ਦਾ ਸੁਨੇਹਾ ਪੁਜਾ ਕਿ ਮੈਨੂੰ ਆ ਕੇ ਮਿਲ ਜਾਉ। ਨਾਨੀ ਜੀ ਨੇ ਇਹਨਾਂ ਨੂੰ ਬਿਲਕੁਲ ਨਿਕੇ ਹੁੰਦਿਆਂ ਦਾ ਹੀ ਦੇਖਿਆ ਸੀ। ਆਪ ਦਾ ਨਾਨਕਾ ਪਿਡ ਗੋਂਦੋਵਾਲ ਸੀ। ਪਰ ਨਾਨੀ ਜੀ ਸ੍ਰੀ ਅਨੰਦਪੁਰ ਸਾਹਿਬ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਰਿਹਾਇਸ਼ੀ ਕਮਰੇ ਚਿ ਰਿਹਾ ਕਰਦੇ ਸਨ। ਨਾਨੀ ਜੀ ਇਕੱਲੇ ਹੀ ਸਨ ਅਤੇ ਉਹਨਾਂ ਨੇ ਆਪਣੀ ਸਾਰੀ ਜਾਇਦਾਦ ਵੇਚ ਕੇ ਪੈਸਾ ਗੁਰੂ ਘਰ ਚਿ ਦੇ ਦਿਤਾ ਸੀ। ਇਥੇ ਹੀ ਆਪ ਨਿਰਬਾਹ ਕਰਦੇ ਸਨ, ਕਦੀ ਕਦਾਈਂ ਆਪਣੇ ਪਿੰਡ ਗੋਂਦੋਵਾਲ ਜਾਇਆ ਕਰਦੇ ਸਨ। ਨਾਨੀ ਜੀ ਦੇ ਸੱਦੇ ਤੇ ਆਪ ਜੀ ਫ਼ਾਇਰ ਸਟੋਨ ਕੰਪਨੀ ਤੋਂ ਛੁੱਟੀ ਲੈ ਕੇ ਅਨੰਦਪੁਰ ਪੁਜੇ। ਨਾਨੀ ਨੇ ਆਪ ਨਾਲ ਬਹੁਤ ਹੀ ਪਿਆਰ ਕੀਤਾ। ਇਥੇ ਹੀ ਇਹਨਾਂ ਨੇ ਗੁਰਮੁਖੀ ਲਿਪੀ ਸਿਖੀ ਅਤੇ ਨਾਨੀ ਜੀ ਦੇ ਉਪਦੇਸ਼ ਤੇ ਹੀ ਮੂਲ-ਮੰਤਰ ਦਾ ਪਾਠ ਕਰਨਾ ਅਤੇ ਸਵੇਰੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਆਸਾ ਦੀ ਵਾਰ ਦੇ ਕੀਰਤਨ ਦੀ ਹਾਜ਼ਰੀ ਭਰਨੀ ਆਰੰਭੀ। ਹੁਣ ਤਕ ਡਾਕਟਰ ਜੀ ਗੁਰਮੁਖੀ ਸਿਖ ਚੁਕੇ ਸਨ ਅਤੇ ਪਾਠ ਕਰਿਆ ਕਰਦੇ ਸਨ। ਜਲਦੀ ਹੀ ਆਪ ਨੂੰ ਨਿਤਨੇਮ ਵੀ ਕੰਠ ਹੋ ਗਿਆ। ਫ਼ਾਇਰ ਸਟੋਨ ਕੰਪਨੀ ਦੀ ਸਰਵਿਸ ਚੋਂ ਜਦੋਂ ਵੀ ਛੁੱਟੀ ਮਿਲਦੀ, ਆਪ ਨਾਨੀ ਜੀ ਪਾਸ ਹੀ ਠਹਿਰਦੇ। ੧੯੫੦ ਈਸਵੀ ਵਿਚ ਇਥੇ ਹੀ ਡਾਕਟਰ ਜੀ ਨੇ ਤਖਤ ਸ੍ਰੀ ਸੇਸਗੜ੍ਹ ਸਾਹਿਬ ਤੋਂ ਅੰਮ੍ਰਿਤ ਛੱਕਿਆ। ਆਪ ਜੀ ਦੇ ਨਾਨੀ ਜੀ ਦੇ ਕਈ ਅਲੌਕਿਕ ਦਿਬ-ਦ੍ਰਿਸ਼ਟੀ ਦੀਆਂ ਕਥਾਵਾਂ, ਡਾਕਟਰ ਜੀ ਦੀ ਜ਼ਬਾਨੀ ਗੁਰਸਿਖਾਂ ਦੇ ਹਿਰਦਿਆਂ ਚਿ ਹਨ, ਉਹ ਵਖਰੇ ਸਿਰਲੇਖ "ਬੀਬੀ ਪ੍ਰੇਮ ਕੌਰ ਜੀ" ਹੇਠ ਅਗੇ ਕਿਤੇ ਦਿਤੀਆਂ ਜਾਣਗੀਆਂ।

ਇਥੇ ਹੀ ਰਹਿੰਦਿਆਂ ਇਹਨਾਂ ਦਾ ਰੁਝਾਨ ਹੋਮਿਉਪੈਥਿਕ ਵਿਦਿਆ ਅਤੇ ਯੂਨਾਨੀ ਹਿਕਮਤ ਡੀਸ਼ੇਨ ਵਲ ਗਿਆ। ਪੂਰੀ ਡੂੰਘਿਆਈ ਚਿ ਪੁਜਣ ਤੇ ਲੋੜਵੰਦਾਂ ਦਾ ਇਲਾਜ ਮੁਫਤ ਹੀ ਕਰਦੇ ਰਹੇ। ਇਸੇ ਕਰਕੇ ਆਪ 'ਡਾਕਟਰ ਜੀ' ਦੇ ਨਾਂ ਨਾਲ ਅਖੰਡ ਕੀਰਤਨੀ ਜਥੇ ਵਿਚ ਮਸ਼ਹੂਰ ਹੋਏ।

**ਵਿਆਹ ਬਾਰੇ :—**

ਡਾਕਟਰ ਜੀ ਬਚਪਨ ਤੋਂ ਹੀ ਬ੍ਰਹਮ-ਜਤੀ ਸਨ। ਜਦੋਂ ਵੀ ਕਿਸੇ ਨੇ ਆਪ ਜੀ ਨੂੰ ਵਿਆਹ ਕਰਾਉਣ ਹਿੱਤ ਕਹਿਣਾ ਤਾਂ ਆਪ ਜੀ ਨੇ ਟਾਲ-ਮਟੋਲ ਕਰ ਛਡਣਾ। ਕਰਨਲ ਪਿਆਰਾ ਸਿੰਘ ਜੀ, ੩੬ ਨੰਬਰ ਰਸਾਲੇ ਵਿਚ ਬਾਊ ਮੱਲ ਸਿੰਘ ਜੀ ਹੋਰਾਂ ਦੇ ਕਰਨਲ ਕਮਾਡਿੰਗ ਸਨ। ਇਸ ਵਿਅਕਤੀ ਦੀ ਸੰਗਤ ਵਿਚ ਹੀ, ਮਾਨਯੋਗ ਬਾਊ ਜੀ ਨੂੰ ਪ੍ਰਮਾਰਥਕ ਗੂੜ੍ਹੀ ਰੰਗਣ ਦੀ ਚਾਟ ਲਗੀ ਸੀ ਅਤੇ ਸਦਾ ਹੀ ਮਸਤੁਲ-ਮਸਤ



www.AKJ.Org

ਰਹਿ ਕੇ ਨਾਮ-ਅਭਿਆਸ ਕਮਾਈਆਂ ਵਿਚ ਜੁੱਟੇ ਰਹਿੰਦੇ ਸਨ। ਕਰਨਲ ਸਾਹਿਬ ਅਤੇ ਬਾਊ ਜੀ ਦੇ ਹਿਰਦੇ ਵਿਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਈ ਅਤਿ ਦਾ ਸਤਿਕਾਰ ਬਣ ਚੁਕਾ ਸੀ ਅਤੇ ਉਹ ਦਿਨ ਰਾਤ ਭਾਈ ਸਾਹਿਬ ਦੀਆਂ ਰਾਹਾਂ ਤਕਦੇ ਰਿਹਾ ਕਰਦੇ ਸਨ। ਕਦੋਂ ਅਤੇ ਕਿਹੜਾ ਸੁਭਾਗ ਸਮਾਂ ਆਵੇ ਕਿ ਧੁਰੋਂ ਧੁਰੰਧਰੀ ਵੀਰਾਂ ਦਾ ਮਿਲਾਪ ਹੋਵੇ। ਕਰਨਲ ਸਾਹਬ ਨੇ ਆਪਣੀ ਪੋਤਰੀ ਦੇ ਰਿਸ਼ਤੇ ਬਾਰੇ ਡਾਕਟਰ ਜੀ ਨਾਲ ਵਿਚਾਰ ਕੀਤੀ। ਡਾਕਟਰ ਜੀ ਬੜੇ ਭੋਲੇ ਭਾਲੇ ਸਨ। ਜਵਾਬ ਤਾਂ ਭਾਵੇਂ ਨਾ ਦਿਤਾ, ਪਰ ਬਾਅਦ ਵਿਚ ਗੱਲ ਨਿਕਲੀ ਕਿ ਲੜਕੀ ਦੀ ਮਾਤਾ ਡਾਕਟਰ ਜੀ ਨੂੰ ਦਾੜ੍ਹਾ ਬੰਨ੍ਹਣ ਲਈ ਕਹਿ ਰਹੀ ਹੈ। ਬਸ ਫਿਰ ਕੀ ਸੀ, ਡਾਕਟਰ ਜੀ ਨੇ ਦਾੜ੍ਹਾ ਕੱਸਣਾ ਹਰਗਿਜ਼ ਪ੍ਰਵਾਨ ਨਾ ਕੀਤਾ ਅਤੇ ਆਪਣੀ ਅਸੰਮਤੀ ਪ੍ਰਗਟ ਕਰ ਦਿਤੀ। ਸਿੱਖੀ ਅਤੇ ਗੁਰਮਤਿ ਦੇ ਤੱਤ ਅਸੂਲਾਂ ਤੋਂ ਆਪ ਜੀ ਤਾਂ ਪਹਿਲਾਂ ਹੀ ਵਿਕੇ ਹੋਏ ਸਨ। ਬਸ ਫਿਰ ਕੀ ਸੀ, ਵਿਆਹ ਦਾ ਵਿਚਾਰ ਹੀ ਛੱਡ ਦਿਤਾ। ਮੁੜ ਕਦੀ ਵਿਆਹ ਕਰਾਉਣ ਦਾ ਵਿਚਾਰ ਜ਼ਿੰਦਗੀ ਭਰ ਨਹੀਂ ਲਿਆਂਦਾ। ਜਦੋਂ ਆਪ ਭਾਈ ਸਾਹਿਬ ਰਣਧੀਰ ਸਿੰਘ ਜੀ ਪਾਸ ਟਿਕੇ ਹੋਏ ਸਨ ਤਾਂ ਉਥੇ ਵੀ ਦੋਹਾਂ ਭੈਣਾਂ ਹਰਜੀਤ ਕੌਰ ਅਤੇ ਮੋਹਿੰਦਰ ਕੌਰ ਜੀ ਨੇ ਭਾਈ ਸਾਹਿਬ ਪਾਸ ਬਿਨੈ ਕੀਤੀ ਕਿ ਵੀਰ ਜੀ ਨੂੰ ਤੁਸੀਂ ਕਹੋ ਕਿ ਵਿਆਹ ਕਰਵਾ ਲੈਣ। ਜਾਂ ਆਪ ਜੀ ਹੀ ਕਿਸੇ ਗੁਰਮੁਖ, ਗੁਰਸਿਖ ਪਰਿਵਾਰ ਦੀ ਬੱਚੀ ਨਾਲ ਇਹਨਾਂ ਦਾ ਅਨੰਦ ਕਾਰਜ ਕਰਵਾ ਦੇਵੋ। ਭਾਈ ਸਾਹਿਬ ਇਸ ਸਮੇਂ ਲੁਧਿਆਣੇ ਵਿਚ ਆਪਣੇ ਕਮਰੇ ਵਿਚ ਪਲੰਘ ਤੇ ਬਿਰਾਜਮਾਨ ਸਨ ਅਤੇ ਡਾਕਟਰ ਜੀ ਫ਼ਰਸ਼ ਤੇ ਵਿਛੀ ਦਰੀ ਤੇ ਬੈਠੇ ਹੋਏ ਸਨ। ਉਦੋਂ ਭਾਈ ਸਾਹਿਬ ਜੀ ਦਾ ਹੇਠ ਲਿਖਿਆ ਬਚਨ ਬਿਲਾਸ ਡਾਕਟਰ ਜੀ ਨਾਲ ਹੋਇਆ :–

ਭਾਈ ਸਾਹਿਬ–ਇਹ ਬੀਬੀ ਕੀ ਕਹਿੰਦੇ ਏ ?

ਡਾਕਟਰ ਜੀ–ਮੈਂ ਇਦਾਂ ਹੀ ਠੀਕ ਹਾਂ।

ਭਾਈ ਸਾਹਿਬ–ਬੜਾ ਔਖਾ ਹੈ, ਸੋਚ ਲੈ।

ਡਾਕਟਰ ਜੀ–ਕਈ ਨਿਭਾ ਗਏ।

ਬਸ ਫਿਰ ਕੀ ਸੀ, ਅੰਦਰਲੀਆਂ ਬੁਝਣਹਾਰੇ ਭਾਈ ਸਾਹਿਬ ਜੀ ਨੇ ਕਹਿ ਦਿਤਾ, "ਬੀਬੀ, ਇਹਨੇ ਵਿਆਹ ਨਹੀਂ ਕਰਵਾਉਣਾ। ਇਹ ਚੱਕਰਵਰਤੀ ਹੀ ਵਿਚਰਨਗੇ।" ਉਸ ਦਿਨ ਤੋਂ ਬਾਅਦ ਫਿਰ ਕਦੀ ਵੀ ਭੈਣਾਂ ਨੇ ਆਪ ਜੀ ਨੂੰ ਵਿਆਹ ਲਈ ਮਜਬੂਰ ਨਾ ਕੀਤਾ :––––

ਆਉਂਦੇ ਪਰਚੇ ਵਿਚ 'ਫ਼ਾਇਰ ਸਟੋਨ ਕੰਪਨੀ' ਚੋਂ ਨੌਕਰੀ ਛੱਡਣੀ ਅਤੇ ਭਾਈ ਸਾਹਿਬ ਪਾਸ ਆ ਟਿਕਣਾ ਆਦਿ ਅੰਕਿਤ ਕੀਤਾ ਜਾਵੇਗਾ।

ਨੋਟ :–ਡਾਕਟਰ ਸੁਰਿੰਦਰ ਸਿੰਘ ਜੀ ਨੂੰ ਪਿਆਰ ਕਰਨ ਵਾਲੇ ਅਨੇਕਾਂ ਪਿਆਰਿਆਂ ਦੇ ਹਿਰਦਿਆਂ ਵਿਚ, ਉਨ੍ਹਾਂ ਦੀਆਂ ਕਈ ਵਚਿਤਰ ਪ੍ਰੇਮ-ਯਾਦਾਂ, ਦਬੀਆਂ ਪਈਆਂ ਹਨ। ਅਜਿਹੀਆਂ ਵਚਿਤਰ ਘਟਨਾਵਾਂ ਵੀਰ-ਭੈਣਾਂ 'ਸੂਰਾ' ਦੇ ਪਤੇ ਤੇ ਲਿਖ ਭੇਜਣ ਦੀ ਕਿਰਪਾਲਤਾ ਕਰਨ।

---


## ਗੁਰਮਤਿ ਪਰਚਾਰ ਸੇਵਾ–ਪੁਸਤਕਾਂ ਬਿਨਾਂ ਮੋਖ ਪ੍ਰਾਪਤ ਕਰੋ

ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ। ਗੁਰਮਤਿ ਪ੍ਰਚਾਰ ਲਈ, ਬਿਨਾਂ ਮੋਖ ਪੁਸਤਕਾਂ ਪ੍ਰਾਪਤ ਕਰੋ। ਪੁਸਤਕਾਂ ਦ ਡਾਕ ਖ਼ਰਚ ਪਹਿਲਾਂ ਭੇਜੋ ਜੀ :—Autobiography of Bhai Randhir Singh (English), ਜੇਲ੍ਹ ਚਿਠੀਆਂ ਗੁਰਮੁਖੀ, ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ, ਰੰਗਲੇ ਸਜਣ, ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤਪ੍ਰਸਤੀ ਹੈ ? ਸਿਖ ਸਿਦਕ ਨ ਹਾਰੇ, ਰਾਧਾ ਸੁਆਮੀ ਬਾਬਿਆਂ ਦੇ ਕਾਲੇ ਲੇਖ, ਹਮ ਹਿੰਦੂ ਨਹੀਂ, Sacred Nitnem (Translation & Translitration with original Panjabi)

ਦਾਸਰਾ—ਮਦਨ ਸਿੰਘ, 11-Apolloway, Perry Bar, Birmingham-20 (U. K.)





www.AKJ.Org

# ਨਾਟਕ; ਫ਼ਿਲਮਾਂ ਤੇ ਸਿਖ ਮੱਤ

"ਸੱਚਖੰਡ ਪੱਤਰ" ਦਸੰਬਰ ੧੯੮੨ ਵਿਚ ਉਪਰੋਕਤ ਸਿਰਲੇਖ ਹੇਠ ਮਾਨਯੋਗ ਲੇਖਕ ਜੀ, ਲੇਖ ਦਾ ਦੂਜਾ ਪੈਰਾ ਇਉਂ ਅਰੰਭ ਕਰਦੇ ਹਨ—

"ਪਾਠਕਾਂ ਦੀ ਗਿਆਤ ਲਈ ਆਰੰਭ ਵਿਚ ਇਹ ਦਸਣਾ ਜ਼ਰੂਰੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਚੀਫ਼ ਖ਼ਾਲਸਾ ਦੀਵਾਨ ਆਦਿ ਪੰਥ ਦੀਆਂ ਮੁਖੀ ਸੰਸਥਾਵਾਂ ਜਾਂ ਹੋਰ ਕਿਸੇ ਪ੍ਰਤੀਨਿਧ ਸਿਖ ਜਥੇਬੰਦੀ ਨੇ ਸਿਖ ਇਤਿਹਾਸ ਸੰਬੰਧੀ ਫਿਲਮਾਂ, ਨਾਟਕ ਜਾਂ ਤਸਵੀਰਾਂ ਬਨਾਉਣ ਦੀ ਮਨਾਹੀ ਨਹੀਂ ਕੀਤੀ, ਸਗੋਂ ਕਾਫ਼ੀ ਵਿਚਾਰ ਪਿਛੋਂ ਗੁਰੂ ਸਾਹਿਬਾਨ, ਸ਼ਹੀਦਾਂ ਤੇ ਕੁਝ ਹੋਰ ਇਤਿਹਾਸਕ ਵਿਅਕਤੀਆਂ ਦਾ ਸਾਂਗ ਬਣਾ ਕੇ ਸਟੇਜ ਜਾਂ ਫਿਲਮ ਵਿਚ ਦਿਖਾਉਣ ਉਤੇ ਬੰਦਸ਼ ਲਾਈ ਹੈ। **ਗੁਰੂ ਸਾਹਿਬਾਨ ਦੀਆਂ ਤਸਵੀਰਾਂ ਸੰਬੰਧੀ ਤਾਂ ਕੋਈ ਰੋਕ ਹੀ ਨਹੀਂ**, ਸਗੋਂ ਸ਼ਰੋਮਣੀ ਕਮੇਟੀ ਨੇ ਆਪ ਹਜ਼ਾਰਾਂ ਰੁਪੈ ਖਰਚ ਕੇ, ਚੰਗੇ ਤੋਂ ਚੰਗੇ ਆਰਟਿਸਟਾਂ ਪਾਸੋਂ ਗੁਰੂ ਸਾਹਿਬਾਨ ਦੀਆਂ ਸੁੰਦਰ ਤਸਵੀਰਾਂ ਬਣਾਈਆਂ......।"

ਸਭ ਤੋਂ ਪਹਿਲਾਂ ਅਸੀਂ ਇਸ ਸੰਬੰਧੀ ਵਿਚਾਰ ਪੇਸ਼ ਕਰਦੇ ਹਾਂ ਕਿ **"ਗੁਰੂ ਸਾਹਿਬਾਨ ਦੀਆਂ ਤਸਵੀਰਾਂ ਸੰਬੰਧੀ ਤਾਂ ਕੋਈ ਰੋਕ ਹੀ ਨਹੀਂ, ਕਿਉਂਕਿ ਸ਼੍ਰੋਮਣੀ ਕਮੇਟੀ ਨੇ ਆਪ......"**

ਗੁਰੂ ਸਾਹਿਬਾਨ ਦੀਆਂ ਤਸਵੀਰਾਂ ਬਣਾਉਣਾ ਗੁਰਬਾਣੀ ਅਨੁਸਾਰ ਸਿਧ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਗੁਰੂ ਸਾਹਿਬਾਨ ਦੇ ਸਰੀਰਕ ਚੋਲੇ ਵਿਚ ਵਿਚਰਦਿਆਂ ਉਨ੍ਹਾਂ ਦੀ ਕੋਈ ਤਸਵੀਰ ਬਣੀ ਜਾਂ ਬਣਾਈ ਗਈ। ਸਿਖ ਰਾਜ ਸਮੇਂ ਡੋਗਰੇ ਅਤੇ ਕਈ ਹਿੰਦੂ ਬ੍ਰਾਹਮਣ ਕਾਫੀ ਗਿਣਤੀ ਵਿਚ ਰਾਜ-ਦਰਬਾਰ ਵਿਚ ਛਾ ਗਏ, ਉਨ੍ਹਾਂ ਨੇ ਸਿਖ ਰਹੁ-ਰੀਤਾਂ ਵਿਚ ਅਤੇ ਸਿਖ ਇਤਿਹਾਸ ਆਦਿ ਵਿਚ ਬੜਾ ਕੁਝ ਮਿਲਗੋਭਾ ਕੀਤਾ। ਇਸੇ ਸਮੇਂ ਇਨ੍ਹਾਂ ਭੱਦਰ ਪੁਰਸ਼ਾਂ ਦੀ ਦੇਖ-ਰੇਖ ਵਿਚ ਬਣੀਆਂ ਗੁਰ-ਅਸਥਾਨਾਂ ਦੀਆਂ ਇਮਾਰਤਾਂ ਦੀਆਂ ਕੰਧਾਂ, ਛੱਤਾਂ ਅਤੇ ਡਾਟਾਂ ਆਦਿ ਵਿਚ ਚਿਤਰਕਾਰੀ ਕਰਵਾਂਦਿਆਂ ਭਾਂਤ ਭਾਂਤੀ ਤਸਵੀਰਾਂ ਚਿਤਰਵਾਈ ਗਈਆਂ। ਇਥੋਂ ਤਕ ਕਿ ਸ੍ਰੀ ਅੰਮ੍ਰਿਤਸਰ ਸਰੋਵਰ ਦੀ ਵਡੀ ਪ੍ਰਕਰਮਾ ਵਿਚ ਕਈ ਥਾਈਂ ਬੁੱਤ-ਪੂਜਾ ਦੇ ਅੱਡੇ ਕਾਫ਼ੀ ਸਮੇਂ ਤਕ ਬਣੇ ਰਹੇ।

ਗੁਰੂ ਸਾਹਿਬਾਨ ਦੀਆਂ ਤਸਵੀਰਾਂ ਦੀ ਮਨਮਤ ਨੂੰ ਪ੍ਰਚਲਤ ਕਰਨ ਵਿਚ ਪੈਸਾ ਕਮਾਉਣ ਵਾਲੇ ਦੁਕਾਨਦਾਰਾਂ ਦਾ ਬਹੁਤਾ ਹੱਥ ਹੈ, ਪਰ ਇਸ ਮਨਮਤ ਨੂੰ ਰੋਕਣ ਲਈ ਸਾਡੀਆਂ ਮੁਖੀ ਸੰਸਥਾਵਾਂ ਨੇ ਕੋਈ ਉਦਮ ਨਾ ਕੀਤਾ, ਜਿਸ ਦੇ ਨਤੀਜੇ ਵਜੋਂ ਤਸਵੀਰਾਂ ਦੀ ਇਹ ਵਬਾਅ ਵਧ ਤੋਂ ਵਧ ਫੈਲਦੀ ਗਈ। ਸ਼੍ਰੋਮਣੀ ਕਮੇਟੀ ਵਾਲੇ ਬੋਖਲਾ ਗਏ ਅਤੇ ਇਸ ਮਨਮਤ ਨੂੰ ਰੋਕਣ ਦੀ ਥਾਂ ਸਟੈਂਡਰਡ ਤਸਵੀਰਾਂ ਬਣਾਉਣ ਲਈ ਸੋਚਣ ਲਗ ਪਏ। ਪੰਥਕ ਤੌਰ ਤੇ ਇਸ ਬਾਰੇ ਵਿਚਾਰਾਂ ਹੋਣ ਲਗੀਆਂ। ਸ਼੍ਰੋਮਣੀ ਕਮੇਟੀ ਨੇ ਧਾਰਮਕ ਸਲਾਹਕਾਰ ਕਮੇਟੀ ਦੀਆਂ ਰਾਵਾਂ ਮੰਗੀਆਂ ਤਾਂ **ਓਦੋਂ ੨੦ ਫ਼ਰਵਰੀ** ੧੯੩੪ ਅਤੇ ੭ ਅਗਸਤ **੧੯੪੦ ਨੂੰ ਸ਼ਰੋਮਣੀ ਕਮੇਟੀ ਵਲੋਂ ਸਥਾਪਿਤ ਧਾਰਮਿਕ ਸਲਾਹਕਾਰ ਕਮੇਟੀ ਨੇ ਮਤੇ ਪਾਸ ਕੀਤੇ ਕਿ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਬਣਾਉਣੀਆਂ ਮਨਮਤ ਹੈ** ਅਤੇ ਗੁਰੂ ਸਾਹਿਬ ਦੀਆਂ ਤਸਵੀਰਾਂ ਸਟੇਜਾਂ ਤੇ ਫਿਲਮਾਂ ਆਦਿ ਵਿਚ ਨਹੀਂ ਆਉਣੀਆਂ ਚਾਹੀਦੀਆਂ। ਇਸ ਸਲਾਹਕਾਰ ਕਮੇਟੀ ਵਿਚ ਭਾ: ਕਾਨ੍ਹ ਸਿੰਘ ਜੀ, ਭਾਈ ਜੋਧ ਸਿੰਘ ਜੀ, ਪ੍ਰੋਫੈਸਰ ਤੇਜਾ ਸਿੰਘ ਜੀ, ਪ੍ਰਿੰਸੀਪਲ ਧਰਮਾਨੰਤ ਸਿੰਘ ਜੀ ਅਤੇ ਜਥੇਦਾਰ ਮੋਹਨ ਸਿੰਘ ਜੀ ਆਦਿ ਸਜਣ ਸ਼ਾਮਲ ਸਨ।

ਉਪਰੋਕਤ ਮਤਿਆਂ ਤੋਂ ਪਿਛੋਂ ਕੁਝ ਚਿਰ ਚੁਪ ਵਰਤੀ ਰਹੀ, ਪਰ ਸਾਡੇ ਅਖਾਉਤੀ ਆਗੂਆਂ ਨੂੰ



www.AKJ.Org

ਗੁਰਮਤਿ ਤੇ ਪਹਿਰਾ ਦੇਣ ਦੀ ਇੰਨੀ ਲੋੜ ਨਹੀਂ, ਜਿੰਨੀ ਕਿ ਮਾਇਆਧਾਰੀ ਲੋਕਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਖੁਸ਼ੀ ਹੈ। ਇਨ੍ਹਾਂ ਨੇ ਫਿਰ ਪੰਥ ਦੇ ਉਘੇ ਵਿਦਵਾਨਾਂ ਨੂੰ ਮਿਤੀ ੪-੧-੧੯੫੧ ਨੂੰ ਇਕ ਪਤਰਕਾ ਉਨ੍ਹਾਂ ਦੀ ਸਲਾਹ ਲੈਣ ਲਈ ਲਿਖੀ ਕਿ ਵਖੋ ਵਖਰੇ ਨੁਹਾਰਾਂ, ਨਮੂਨਿਆਂ ਦੀਆਂ ਤਸਵੀਰਾਂ ਦੀ ਥਾਂ ਸ਼੍ਰੋਮਣੀ ਕਮੇਟੀ ਵਲੋਂ ਸਟੈਂਡਰਡ ਤਸਵੀਰਾਂ ਬਣਵਾਏ ਜਾਣ ਦਾ ਵਿਚਾਰ ਹੈ, ਤੁਸੀਂ ਆਪਣੇ ਵਿਚਾਰ ਭੇਜੋ। ਇਸ ਦੇ ਉਤਰ ਵਿਚ ਪ੍ਰੋਫੈਸਰ ਸਾਹਿਬ ਸਿੰਘ ਜੀ ਨੇ ਹੇਠ ਲਿਖੀ ਪਤ੍ਰਕਾ ਸ਼੍ਰੋਮਣੀ ਕਮੇਟੀ ਨੂੰ ਲਿਖੀ :—

"ਸ੍ਰੀ ਮਾਨ ਜੀ,

ਤੁਹਾਡੀ ਦਫਤਰੀ ਚਿੱਠੀ ਨੰ: ੧੧੧੫੨ ਮਿਤੀ ੪ ਜਨਵਰੀ ੫੧ ਦੇ ਉੱਤਰ ਵਿਚ ਬੇਨਤੀ ਹੈ ਕਿ ਤੁਸਾਂ ਇਹ ਅੱਛਾ ਕੀਤਾ ਹੈ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰ-ਤਸਵੀਰਾਂ ਦੇ ਮਾਮਲੇ ਨੂੰ ਆਪਣੇ ਹੱਥਾਂ ਵਿਚ ਲੈਣ ਲੱਗੀ ਹੈ।

ਪਰ ਮੈਨੂੰ ਇਸ ਗੱਲ ਦੀ ਹੈਰਾਨੀ ਹੋਈ ਹੈ ਕਿ ਤੁਸਾਂ ਸਿਰਫ਼ ਇਕੋ ਪੱਖ ਹੀ ਲਿਆ ਹੈ। ਤੁਸਾਂ ਇਹ ਪਹਿਲਾਂ ਹੀ ਮਿਥ ਲਿਆ ਹੈ ਕਿ ਤਸਵੀਰ ਬਣਾਣ ਵਿਚ ਕੋਈ ਹਰਜ ਨਹੀਂ ਹੈ ਤੇ ਤਸਵੀਰ ਬਣਾਇਆਂ ਸਿੱਖ ਧਰਮ ਦੇ ਪਰਚਾਰ ਵਿਚ ਵਾਧਾ ਹੋਵੇਗਾ।

ਚੰਗੇ ਜਾਂ ਮੰਦੇ ਭਾਗਾਂ ਨੂੰ ਅਸੀਂ ਉਸ ਕੌਮ ਵਿਚੋਂ ਬਣੇ ਤੇ ਹੁਣ ਤਕ ਉਹਨਾਂ ਦੇ ਨਿਕਟੀ ਗੁਆਂਢੀ ਹਾਂ ਜੋ ਬੁੱਤ-ਪੂਜ ਹਨ ਤੇ ਜੋ ਆਪਣੇ ਮਹਾਂ ਪੁਰਸ਼ਾਂ ਦੇ ਸਾਂਗ ਬਣਾ ਕੇ ਉਹਨਾਂ ਨੂੰ ਰਾਸਾਂ ਵਿਚ ਨਚਾਣਾ ਮਾੜੀ ਗੱਲ ਨਹੀਂ ਸਮਝਦੇ।

ਇਹ ਬੜੀ ਔਖੀ ਖੇਡ ਸੀ ਕਿ ਖ਼ਾਲਸਾ ਪੰਥ ਉਸੇ ਨਿਸ਼ਾਨੇ ਤੇ ਟਿਕਿਆ ਰਹਿੰਦਾ ਜੋ ਗੁਰੂ ਪਾਤਿਸ਼ਾਹ ਨੇ ਇਸ ਨੂੰ ਸੌਂਪਿਆ ਸੀ। ਅਸੀ ਭੀ ਧਰਮ ਨੂੰ ਉਸੇ ਉਪਰਲੇ ਢੰਗ ਨਾਲ ਵੇਖਣ ਲਗ ਪਏ ਹਾਂ। ਇਸੇ ਕਰਕੇ ਸਾਨੂੰ ਉਹ ਬੁੱਤ-ਪ੍ਰਸਤੀ ਹੋਰ ਹੋਰ ਰੂਪਾਂ ਵਿਚ ਖਿੱਚ ਪਾ ਰਹੀ ਹੈ।

ਮੁਸਲਮਾਨ ਭੀ ਸਾਡੇ ਗੁਆਂਢ ਸਨ, ਪਰ ਹਿੰਦੂ ਕੌਮ ਤੋਂ ਲਈ ਹੋਈ ਛੂਤ-ਛਾਤ ਤੇ ਤੁਰਕਾਂ ਦੇ ਪਿਛਲੇ ਕੀਤੇ ਜ਼ੁਲਮਾਂ ਨੇ ਸਾਨੂੰ ਉਹਨਾਂ ਤੋਂ ਕੁਝ ਸਿੱਖਣ ਨਹੀਂ ਦਿੱਤਾ। ਉਹ ਲੋਕ ਤਸਵੀਰਾਂ ਤੇ ਬੁੱਤਾਂ ਤੋਂ ਬਿਨਾਂ ਹੀ ਬਿਗਾਨੀ ਬੋਲੀ ਵਿਚ ਮਿਲੀ ਹੋਈ ਬਾਣੀ ਨੂੰ ਪਿਆਰ ਕਰਨ ਤੇ ਉਸ ਅਨੁਸਾਰ ਆਪਣਾ ਜੀਵਨ ਬਣਾਣ ਦੇ ਜਤਨ ਕਰਦੇ ਆ ਰਹੇ ਹਨ ਤੇ ਇਸ ਵਿਚ ਕਾਫ਼ੀ ਹੱਦ ਤਕ ਕਾਮਯਾਬ ਭੀ ਹੁੰਦੇ ਆ ਰਹੇ ਹਨ। ਭਾਈ ਗੁਰਦਾਸ ਜੀ ਨੇ ਬੜੇ ਹੀ ਸਾਫ਼ ਲਫ਼ਜ਼ਾਂ ਵਿਚ ਲਿਖਿਆ ਹੈ :—

'ਗੁਰ ਮੂਰਤਿ ਗੁਰ ਸਬਦੁ ਹੈ।'

ਇਸ ਅਮਰ ਤਸਵੀਰ ਦੇ ਹੁੰਦਿਆਂ ਸਿੱਖ ਕੌਮ ਨੂੰ ਮੁੜ ਨਾਸਵੰਤ ਤਸਵੀਰਾਂ ਵਲ ਪ੍ਰੇਰਨ ਦੇ ਜਤਨ ਪੰਥ ਨੂੰ ਹਜ਼ਾਰਾਂ ਸਾਲ ਪਿਛਾਂਹ ਲੈ ਜਾਣ ਦਾ ਵਸੀਲਾ ਬਣਨਗੇ।

ਪਰ ਤਸਵੀਰ ਭੀ ਉਹ, ਜੋ ਨਿਰੋਲ ਫ਼ਰਜ਼ੀ ਬਣਨੀ ਹੈ। ਕੀ ਗੁਰੂ ਨਾਨਕ ਪਾਤਿਸ਼ਾਹ ਦੇ ਰੱਬੀ ਬਾਣ ਸਚ-ਮੁਚ ਆਪਣਾ ਤ੍ਰਿਖਾ-ਪਨ ਮਧਮ ਪਾ ਚੁਕੇ ਹਨ ਕਿ ਇਹਨਾਂ ਦਾ ਅਸਰ ਪਾਣ ਲਈ ਫ਼ਰਜ਼ੀ ਤਸਵੀਰਾਂ ਦੀ ਲੋੜ ਪੈ ਗਈ ਹੈ ? ਇਸਲਾਮ ਨੂੰ ਇਹ ਲੋੜ ਨਹੀਂ ਪਈ।

ਨਿੱਕੇ ਨਿੱਕੇ ਗੁਰੂ ਬਣਨ ਦੇ ਚਾਹਵਾਨ ਅਤੇ ਮੱਥੇ ਟਿਕਾਣ ਦੇ ਆਸ਼ਕ ਕਈ ਸੰਤ ਮਹੰਤ ਹੁਣੇ ਹੀ ਇਹਨਾਂ ਤਸਵੀਰਾਂ ਨੂੰ ਧੂਪ ਧੁਖਾਂਦੇ ਸੇਹਰੇ ਪਾਂਦੇ, ਮੱਥੇ ਟਿਕਾਂਦੇ ਵੇਖੇ ਜਾ ਰਹੇ ਹਨ। ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਇਹ ਤਸਵੀਰਾਂ ਰੱਖ ਕੇ ਹਰੇਕ ਸਿੱਖ ਨੂੰ ਤਸਵੀਰਾਂ ਅਗੇ ਨਿਵਣ ਲਈ ਮਜਬੂਰ ਕੀਤਾ ਜਾਂਦਾ ਹੈ। ਤੇ ਜਦੋਂ ਇਸ ਤਸਵੀਰ-ਸਾਜ਼ੀ ਉੱਤੇ ਸ਼੍ਰੋਮਣੀ ਕਮੇਟੀ ਦੀ ਮੋਹਰ ਲੱਗ ਗਈ, ਰੱਬ ਜਾਣੇ ਇਹਨਾਂ ਤਸਵੀਰਾਂ ਦੀ 'ਆਰਤੀ' ਉਤਾਰਨ ਵਿਚ ਕੀ ਕੁਝ ਨਹੀਂ ਹੋਇਆ ਕਰੇਗਾ।



www.AKJ.Org

ਇਹ ਤਸਵੀਰਾਂ ਫਿਰ ਵਰਤੀਆਂ ਕਿਵੇਂ ਜਾਣਗੀਆਂ ? ਘਰਾਂ ਵਿਚ ਲੋਕ ਲਟਕਾਣਗੇ । ਤੇ ਇਸ ਤਰ੍ਹਾਂ ਇਹ ਤਸਵੀਰਾਂ ਕਮਰਿਆਂ ਦੀ 'ਸਿਰਫ਼ ਸਜਾਵਟ' ਦਾ ਕੰਮ ਦੇ ਕੇ ਉਤਨਾ ਹੀ 'ਆਦਰ-ਸਤਕਾਰ' ਲੈ ਸਕਣਗੀਆਂ, ਜਿਤਨਾ ਘਰ ਦੇ ਮਾਲਕ ਦੀਆਂ ਹੋਰ ਤਸਵੀਰਾਂ । ਸੁਤੇ ਹੀ ਸਿੱਖ ਆਪਣੇ ਗੁਰੂ-ਪਾਤਿਸ਼ਾਹ ਦੇ ਸਤਿਕਾਰ ਬਾਰੇ ਕਿੱਥੇ ਅੱਪੜ ਜਾਏਗਾ ? ਗੁਰੂ ਦੀ ਤਸਵੀਰ ਕਮਰੇ ਦੀ ਸਜਾਵਟ ਵਾਸਤੇ ਸੋਹਣੀਆਂ ਸੋਹਣੀਆਂ ਕੁੜੀਆਂ ਸਿਨੇਮਾ ਦੀਆਂ ਤਸਵੀਰਾਂ ਦੀ ਬਰਾਬਰੀ ਤੇ ਪਹੁੰਚ ਜਾਏਗੀ । ਹੁਣੇ ਹੀ ਪਹੁੰਚੀ ਹੋਈ ਹੈ । ਤਸਵੀਰਾਂ ਦੇ ਸ਼ੌਕੀਨਾਂ ਦੇ ਘਰਾਂ ਵਿਚ ਜਾ ਕੇ ਵੇਖ ਲਵੋ ।

ਇਸ ਤਰ੍ਹਾਂ ਤਸ਼ਵੀਰਾਂ ਦੀ ਸਰ-ਪ੍ਰਸਤ ਬਣ ਕੇ ਸ਼੍ਰੋਮਣੀ ਕਮੇਟੀ 'ਗੁਰ-ਮੂਰਤਿ ਗੁਰ ਸਬਦੁ' ਵਲੋਂ ਸਿੱਖਾਂ ਨੂੰ ਹਟਾ ਤਸਵੀਰ-ਪੂਜ ਬਣਾਏਗੀ ।''

ਇਸ ਵਧਦੀ ਜਾ ਰਹੀ ਮਨਮਤ ਤੋਂ ਦੁਖੀ ਹੋ ਕੇ ਫਿਰ ਪ੍ਰੋਫੈਸਰ ਸਾਹਿਬ ਸਿੰਘ ਜੀ ਨੇ ਇਕ ਲੇਖ "ਗੁਰ ਮੂਰਤਿ ਗੁਰ ਸਬਦੁ ਹੈ'' ਲਿਖਿਆ, ਜਿਸ ਵਿਚ ਉਨ੍ਹਾਂ ਦਸਿਆ ਕਿ ਗੁਰੂ ਪਾਤਸ਼ਾਹ ਨੇ ਸਿਖਾਂ ਨੂੰ ਮੂਰਤੀ ਪੂਜਾ ਦੇ ਠੇਡਿਆਂ ਤੋਂ ਬਚਣ ਲਈ ਗੁਰ-ਸ਼ਬਦ ਦਾ ਪਰਚਾ ਬਖਸ਼ਿਆ ਅਤੇ ਭਾਈ ਗੁਰਦਾਸ ਜੀ ਨੇ ਆਪਣੀ ਰਚੀ ਬਾਣੀ ਵਿਚ ਅਨੇਕ ਥਾਈਂ ਇਸ ਸਿਧਾਂਤ ਨੂੰ ਸਪਸ਼ਟਾਂਦੇ ਹੋਏ ਲਿਖਿਆ ਹੈ–

(੧) ਗੁਰ ਮੂਰਤਿ ਗੁਰ ਸਬਦੁ ਹੈ, ਸਾਧ ਸੰਗਤਿ ਮਿਲਿ ਅੰਮ੍ਰਿਤ ਵੇਲਾ ॥੧੧॥ (੨੪)
(੨) ਗੁਰ ਮੂਰਤਿ ਗੁਰ ਸਬਦੁ ਹੈ, ਸਾਧ ਸੰਗਤਿ ਵਿਚਿ ਪਰਗਟੀ ਆਇਆ ॥੨੫॥ (੨੪)
(੩) ਗੁਰ ਮੂਰਤਿ ਸਤਿਗੁਰ ਸਬਦੁ, ਸਾਧ ਸੰਗਤਿ ਸਮਸਰਿ ਪਰਵਾਣਾ ॥੨॥ (੩੨)
(੪) ਗੁਰ ਮੂਰਤਿ ਕਰਿ ਧਿਆਨੁ, ਸਦਾ ਹਜੂਰਿ ਹੈ ॥
ਗੁਰਮੁਖਿ ਸਬਦ ਗਿਆਨੁ, ਨੇੜਿ, ਨ ਦੂਰਿ ॥੧੦॥ (੩)
(੫) ਪੈਰੀ ਪੈ ਪਾਖਾਕੁ, ਮੁਰੀਦੈ ਥੀਵਣਾ ॥ ਗੁਰ ਮੂਰਤਿ ਮੁਸਤਾਕ ਮਰਿ ਮਰਿ ਜੀਵਣਾ ॥੧੯॥ (੩)

ਪ੍ਰੋਫੈਸਰ ਸਾਹਿਬ ਇਸੇ ਲੇਖ ਵਿਚ ਲਿਖਦੇ ਹਨ ਕਿ ਇਸ ਬਾਰੇ ਮੈਂ ਇਕ ਜ਼ਿਮੇਵਾਰ ਸਜਣ ਨੂੰ ਪੁਛਿਆ ਕਿ "ਜੇ ਗੁਰ-ਮੂਰਤਿ ਦਾ ਖਿਆਲ ਮਨਮੱਤ ਨਹੀਂ ਹੈ ਤਾਂ ਭਾਈ ਗੁਰਦਾਸ ਜੀ ਨੇ ਇਸ ਦੀ ਇਤਨੀ ਵਿਰੋਧਤਾ ਕਿਉਂ ਕੀਤੀ ?'' ਅਗੋਂ ਬੜੀ ਢਹਿੰਦੀ ਕਲਾ ਵਾਲਾ ਉਤਰ ਮਿਲਿਆ ਕਿ "ਤਸਵੀਰਾਂ ਬਣ ਤਾਂ ਰਹੀਆਂ ਹੀ ਹਨ, ਅਸੀਂ ਇਨ੍ਹਾਂ ਨੂੰ ਰੋਕ ਨਹੀਂ ਸਕੇ, ਰੋਕ ਨਹੀਂ ਸਕਦੇ । ਫਿਰ ਕਿਉਂ ਨਾ ਵਧੀਆ ਵਧੀਆ ਤਸਵੀਰਾਂ ਬਣਾਈਆਂ ਜਾਣ ।''

ਪ੍ਰੋਫੈਸਰ ਜੀ ਲਿਖਦੇ ਹਨ ਕਿ ਪੰਥ ਦੀਆਂ ਮੁਖੀ ਸੰਸਥਾਵਾਂ ਚੀਫ਼ ਖਾਲਸਾ ਦੀਵਾਨ, ਸ਼੍ਰੋਮਣੀ ਕਮੇਟੀ ਤੇ ਸ੍ਰੋਮਣੀ ਅਕਾਲੀ ਦਲ ਨੇ ਇਸ ਮਨਮੱਤ ਨੂੰ ਰੋਕਣ ਦਾ ਕਦੇ ਕੋਈ ਉਪਰਾਲਾ ਨਹੀਂ ਕੀਤਾ । ਪਰ ਕੀ ਜਿਸ ਮਨਮੱਤ ਨੂੰ ਰੋਕਣਾ ਸਾਡੇ ਲਈ ਔਖਾ ਹੁੰਦਾ ਜਾਏਗਾ, ਉਸ ਅਗੇ ਹਥਿਆਰ ਸੁਟ ਕੇ, ਉਸ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਗੁਰਮਤਿ ਵਿਚ ਪਰਵਾਨ ਕਰੀ ਜਾਵਾਂਗੇ ? ਕੌਣ ਨਹੀਂ ਜਾਣਦਾ ਕਿ ਰਾਜਸੀ ਚੋਣਾਂ ਵੇਲੇ ਰਿਸ਼ਵਤ ਤੇ ਸ਼ਰਾਬ ਦੇ ਹੜ੍ਹ ਚਲ ਪੈਂਦੇ ਹਨ ? ...**ਕੀ ਫਿਰ ਰਿਸ਼ਵਤ ਤੇ ਸ਼ਰਾਬ ਨੂੰ ਅਸਾਂ ਕਿਸੇ ਵੇਲੇ ਧਰਮ ਦਾ ਹਿੱਸਾ ਮੰਨ ਲੈਣਾ ਹੈ ?** ਜਦੋਂ ਅਸਾਂ ਇਕ ਵਾਰੀ ਗੁਰ-ਤਸਵੀਰ ਨੂੰ ਗੁਰਮਤਿ ਦੀ ਲੜੀ ਵਿਚ ਪ੍ਰੋ ਲਿਆ, ਤਾਂ ਇਸ ਪੈਂਤੜੇ ਤੋਂ ਐਸੇ ਐਸੇ ਖ਼ਤਰਨਾਕ ਧਰਮ-ਵਿਰੋਧੀ ਸਿਟੇ ਨਿਕਲਣਗੇ, ਜਿਨ੍ਹਾਂ ਦਾ ਟਾਕਰਾ ਕਰਨਾ ਸਾਡੇ ਵੱਸ ਦੀ ਗੱਲ ਨਹੀਂ ਰਹੇਗੀ । ਤਸਵੀਰ-ਪੂਜਾ ਤਾਂ ਹੁਣੇ ਹੀ ਸ਼ੁਰੂ ਹੋ ਚੁਕੀ ਹੈ । ਘਰਾਂ ਦੀ ਗੱਲ ਲਾਂਭੇ ਰਹਿਣ ਦਿਓ, ਗੁਰਦੁਆਰਿਆਂ ਵਿਚ ਵੀ ਤਸਵੀਰ-ਪੂਜਾ ਖੁਲ੍ਹਮ-ਖੁਲ੍ਹਾ ਹੋ ਰਹੀ ਹੈ ।

ਸ਼੍ਰੋਮਣੀ ਕਮੇਟੀ ਵਲੋਂ ਗੁਰ-ਤਸਵੀਰਾਂ ਨੂੰ ਆਪ ਸ਼ਹਿ ਦੇਣ ਦੇ ਨਤੀਜੇ ਮਾੜੇ ਨਿਕਲਣੇ ਹੀ ਸਨ । ਗੁਰ-ਅਸਥਾਨਾਂ ਵਿਚ ਖੁਲ੍ਹਮ-ਖੁਲ੍ਹਾ ਗੁਰੂ ਮਹਾਰਾਜ ਦੀਆਂ ਤਸਵੀਰਾਂ ਲਗਣ ਲਗ ਪਈਆਂ, ਅਤੇ ਨੌਬਤ



www.AKJ.Org

ਇਥੋਂ ਤਕ ਆ ਪੁਜੀ ਕਿ ਗੁਰਪੁਰਬਾਂ ਸਮੇਂ ਗੁਰ-ਅਸਥਾਨਾਂ ਵਿਖੇ ਇਨ੍ਹਾਂ ਤਸਵੀਰਾਂ ਪਿਛੇ ਬਿਜਲੀ ਦੇ ਬਲਬ ਲਗਾ ਕੇ ਭਾਤੋ-ਭਾਤੀ ਪ੍ਰਦਰਸ਼ਨੀਆਂ ਹੋਣ ਲਗ ਪਈਆਂ ਤਾਂ ਭੈ-ਭਾਵਨੀ ਵਾਲੇ ਗੁਰਸਿਖਾਂ ਨੇ ਸ਼੍ਰੋਮਣੀ ਕਮੇਟੀ ਨੂੰ ਇਸ ਮਨਮੱਤ ਨੂੰ ਰੋਕਣ ਲਈ ਵਾਵੇਲਾ ਪਿਆ। ਨਤੀਜੇ ਵਜੋਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਗਿ: ਮਹਿੰਦਰ ਸਿੰਘ ਵਲੋਂ ਅਪ੍ਰੈਲ ੧੯੭੫ ਦੇ ਗੁਰਦੁਆਰਾ ਗਜ਼ਟ ਵਿਚ ਹੇਠ ਲਿਖਿਆ ਸਰਕੂਲਰ ਛਪਿਆ—

"**ਤਸਵੀਰਾਂ ਗੁਰੂ ਸਾਹਿਬਾਨ**—ਗੁਰਦੁਆਰਾ ਸਾਹਿਬਾਨ ਸੈਕਸ਼ਨ ੮੫ ਤੇ ੮੭ ਵਿਖੇ ਗੁਰੂ ਸਾਹਿਬਾਨ ਦੇ ਗੁਰਪੁਰਬ ਅਤੇ ਹੋਰ ਦਿਨ ਦਿਹਾੜੇ ਸਿਖ ਸੰਗਤਾਂ ਬੜੇ ਉਤਸ਼ਾਹ ਤੇ ਪ੍ਰੇਮ-ਪੂਰਬਕ ਮਨਾਉਂਦੀਆਂ ਹਨ ਅਤੇ ਇਨ੍ਹਾਂ ਦਿਨਾਂ ਤੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਵਲੋਂ ਬਿਜਲੀ ਆਦਿਕ ਦੀ ਸਜਾਵਟ ਵੀ ਵਧ ਚੜ੍ਹ ਕੇ ਕੀਤੀ ਜਾਂਦੀ ਹੈ, ਪਰੰਤੂ ਇਹ ਹੁਣ ਆਮ ਵੇਖਣ ਵਿਚ ਆਇਆ ਹੈ ਕਿ ਬਿਜਲੀ ਦੀ ਸਜਾਵਟ ਸਮੇਂ ਗੁਰਦੁਆਰਾ ਸਾਹਿਬਾਨ ਦੀਆਂ ਇਮਾਰਤਾਂ ਆਦਿਕ ਪੁਰ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਦੇ ਪਿਛਲੇ ਪਾਸੇ ਬਿਜਲੀ ਦੀ ਮੋਟਰ ਫਿਟ ਕਰ ਕੇ ਚਲਦੀਆਂ ਤਸਵੀਰਾਂ ਵਿਖਾਈਆਂ ਜਾਂਦੀਆਂ ਹਨ। ਆਮ ਸਿਖ ਸੰਗਤਾਂ ਵਲੋਂ ਇਸ ਗੱਲ ਤੇ ਭਾਰੀ ਇਤਰਾਜ਼ ਕੀਤਾ ਜਾ ਰਿਹਾ ਹੈ ਅਤੇ ਇਹ ਇਕ ਨਵੀਂ ਮਨਮੱਤ ਅਰੰਭ ਹੋ ਰਹੀ ਹੈ, ਇਸ ਨੂੰ ਤੁਰਤ ਰੋਕਣਾ ਅਤਿ ਜ਼ਰੂਰੀ ਹੈ। ਸੋ ਇਸ ਸਰਕੂਲਰ ਰਾਹੀਂ ਤਾਕੀਦ ਕੀਤੀ ਜਾਂਦੀ ਹੈ ਕਿ ਅਗੋਂ ਗੁਰਪੁਰਬਾਂ ਸਮੇਂ ਬਿਜਲੀ ਦੀ ਸਜਾਵਟ ਕਰਦਿਆਂ ਗੁਰਦੁਆਰਾ ਸਾਹਿਬਾਨ ਵਿਖੇ ਗੁਰੂ-ਸਾਹਿਬਾਨ ਦੀਆਂ ਤਸਵੀਰਾਂ ਨਾ ਲਗਾਈਆਂ ਜਾਣ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਵਧ ਤੋਂ ਵਧ ਸਤਿਕਾਰ ਕਾਇਮ ਕੀਤਾ ਜਾਵੇ।

ਇਸ ਦਫਤਰ ਦੇ ਨੋਟਿਸ ਵਿਚ ਇਹ ਵੀ ਲਿਆਂਦਾ ਗਿਆ ਹੈ ਕਿ ਗੁਰਦੁਆਰਾ ਸਾਹਿਬਾਨ ਵਿਖੇ ਸਤਿਗੁਰਾ ਦੀਆਂ ਦੀਆਂ ਤਸਵੀਰਾਂ ਲਟਕਾਈਆਂ ਜਾਂਦੀਆਂ ਹਨ ਅਤੇ ਉਨ੍ਹਾਂ ਤਸਵੀਰਾਂ ਨੂੰ ਮੱਥੇ ਟੇਕੇ ਜਾਂਦੇ ਹਨ ਅਤੇ ਫੁਲਾਂ ਦੇ ਸੇਹਰੇ ਚੜ੍ਹਾਏ ਜਾਂਦੇ ਹਨ। ਇਹ ਭੀ ਗੁਰ-ਰੀਤੀ ਤੇ ਮਰਯਾਦਾ ਦੇ ਉਲਟ ਹੈ। ਜੁਗੋ ਜੁਗ ਅਟੱਲ ਚਵਰ ਤਖ਼ਤ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਇਸ ਤਰ੍ਹਾਂ ਤਸਵੀਰਾਂ ਨੂੰ ਸੇਹਰੇ ਚਾੜ੍ਹਨੇ ਜਾਂ ਮੱਥੇ ਟੇਕਣੇ ਗੁਰਮਤਿ ਵਿਰੁਧ ਹਨ। ਅਤੇ ਅਜਿਹਾ ਕਰਨ ਨਾਲ ਤਸਵੀਰ-ਪ੍ਰਸਤੀ ਨੂੰ ਸ਼ਹਿ ਮਿਲਦੀ ਹੈ, ਇਸ ਲਈ ਇਸ ਮਨਮੱਤ ਨੂੰ ਰੋਕਿਆ ਜਾਏ।"

ਸ਼੍ਰੋਮਣੀ ਕਮੇਟੀ ਦੇ ਉਪਰੋਕਤ ਸਰਕੂਲਰ ਦਾ, ਕਮੇਟੀ ਦੇ ਉਸੇ ਗੁਰਦੁਆਰਾ ਗਜ਼ਟ ਵਿਚ ਇਉਂ ਮਜ਼ਾਕ ਉਡਾਇਆ ਗਿਆ ਹੈ—

"**ਜ਼ਰੂਰੀ ਸੂਚਨਾ**—ਸਮੂੰਹ ਸੰਗਤਾਂ ਦੀ ਗਿਆਤ ਹਿਤ ਬਿਨੈ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਹੱਥ ਵਾਲੀ ਤਸਵੀਰ ਧਰਮ ਪ੍ਰਚਾਰ ਕਮੇਟੀ (ਸ਼੍ਰੋ: ਕਮੇਟੀ) ਵਲੋਂ ਮੁੜ ਪ੍ਰਕਾਸ਼ਤ ਕਰਵਾਈ ਜਾ ਚੁਕੀ ਹੈ ਅਤੇ ਇਕ ਕਾਪੀ ਦੀ ਭੇਟਾ ਪੰਜ ਰੁਪਏ ਰਖੀ ਗਈ ਹੈ।....."

ਸ਼੍ਰੋਮਣੀ ਕਮੇਟੀ ਦੇ ਗੁਰਮਤਿ ਪ੍ਰਚਾਰ ਦਾ ਕਮਾਲ ਦੇਖੋ ਕਿ ਇਕ ਪਾਸੇ ਤਾਂ ਤਸਵੀਰ-ਪੂਜਾ ਨੂੰ ਮਨਮੱਤ ਕਹਿੰਦੀ ਹੈ ਤੇ ਦੂਜੇ ਪਾਸੇ ਤਸਵੀਰਾਂ ਦਾ ਪਰਚਾਰ ਕਰਦੀ ਹੈ। ਦਸੋ, ਸਿਖ ਸੰਗਤਾਂ ਅਗਵਾਈ ਕਿਥੋਂ ਲੈਣ ?

ਉਪਰੋਕਤ ਸਰਕੂਲਰ ਨੂੰ ਪੜ੍ਹ ਕੇ ਇਕ ਗੁਰੂ-ਪਿਆਰੇ ਨੇ ਕਮੇਟੀ ਨੂੰ ਪੁਛ ਭੇਜਿਆ ਕਿ ਆਪ ਦੇ ਸਰਕੂਲਰ ਅਨੁਸਾਰ ਗੁਰਪੁਰਬਾਂ ਸਮੇਂ ਤਸਵੀਰਾਂ ਦੀਆਂ ਪ੍ਰਦਰਸ਼ਨੀਆਂ ਕਰਨੀਆਂ ਨਹੀਂ ਚਾਹੀਦੀਆਂ, ਤਾਂ ਫਿਰ ਕੀ ਗੁਰਪੁਰਬਾਂ ਤੋਂ ਅਗੋਂ ਪਿਛੋਂ ਅਜਿਹਾ ਕਰਨ ਦੀ ਕੋਈ ਮਨਾਹੀ ਨਹੀਂ ?

ਇਸ ਦੇ ਉਤਰ ਵਿਚ ਸ਼੍ਰੋਮਣੀ ਕਮੇਟੀ ਦੇ ਸਕੱਤਰ ਸਾਹਿਬ ਲਿਖਦੇ ਹਨ—

"......ਕਿਸੇ ਸਮੇਂ ਵੀ ਗੁਰਦੁਆਰਾ ਸਾਹਿਬਾਨ ਵਿਖੇ ਤਸਵੀਰਾਂ ਰਖਣੀਆਂ ਜਾਂ ਲਟਕਾਉਣੀਆਂ ਠੀਕ ਨਹੀਂ। ਅਸੀਂ ਸੰਗਤਾਂ ਨੂੰ ਬੇਨਤੀਆਂ ਕਰਕੇ ਤਸਵੀਰਾਂ ਉਤਰਾਉਣ ਲਈ ਯਤਨ



www.AKJ.Org

ਕਰਦੇ ਚਲੇ ਆ ਰਹੇ ਹਾਂ।''

ਸ਼੍ਰੋਮਣੀ ਕਮੇਟੀ ਵਲੋਂ ਅਜਿਹੇ ਕਾਗਜ਼ੀ ਉਤਰ ਦੇਣੇ ਨਿਰਾ ਅੱਖਾਂ ਵਿਚ ਘਟਾ ਪਾਉਣ ਵਾਲੀ ਗੱਲ ਹੈ ਅਤੇ ਸੰਗਤਾਂ ਨੂੰ ਵਲ-ਫਰੇਬ ਨਾਲ ਪਰਚਾਅ ਕੇ ਮਨਮੱਤ ਪ੍ਰਚਾਰੀ ਜਾ ਰਹੀ ਹੈ। ਅਮਲੀ ਤੌਰ ਤੇ ਦੇਖਿਆ ਜਾਏ ਤਾਂ ਬਿਲਕੁਲ ਇਸ ਪਾਸੇ ਧਿਆਨ ਦਿਤਾ ਹੀ ਨਹੀਂ ਜਾ ਰਿਹਾ ਅਤੇ ਸ਼੍ਰੋਮਣੀ ਕਮੇਟੀ ਦੇ ਮਾਤਹਿਤ ਅਨੇਕਾਂ ਗੁਰਦੁਆਰਿਆਂ ਅੰਦਰ ਗੁਰੂ ਸਾਹਿਬਾਨ ਦੀਆਂ ਭਾਂਤੋ ਭਾਂਤੀ ਭਾਂਤੀ ਤਸਵੀਰਾਂ ਲਟਕਾਈਆਂ ਅਤੇ ਸਜਾਈਆਂ ਹੋਈਆਂ ਮਿਲ ਰਹੀਆਂ ਹਨ, ਜਿਨ੍ਹਾਂ ਨੂੰ ਰੋਕਣ ਲਈ ਕੋਈ ਵੀ ਜਤਨ ਨਹੀਂ ਕੀਤਾ ਜਾ ਰਿਹਾ। ਇਸ ਤਰ੍ਹਾਂ ਤਸਵੀਰ-ਪੂਜਾ ਤੇ ਬੁੱਤ-ਪੂਜਾ ਫੈਲਾਉਣ ਲਈ ਸ਼੍ਰੋਮਣੀ ਕਮੇਟੀ ਆਪ ਸਹਾਈ ਹੋ ਰਹੀ ਹੈ।

ਸ਼੍ਰੋਮਣੀ ਕਮੇਟੀ ਜਾਂ ਤਾਂ ਖੁਲ੍ਹ ਕੇ ਕਹਿ ਦੇਵੇ ਕਿ ਤਸਵੀਰ-ਪੂਜਾ ਮਨਮੱਤ ਨਹੀਂ। ਤੇ ਜੇ ਅਜਿਹਾ ਕਹਿਣ ਤੋਂ ਉਹ ਡਰਦੀ ਹੈ ਤਾਂ ਫਿਰ ਇਸ ਮਨਮੱਤ ਨੂੰ ਦੂਰ ਕਰਨ ਲਈ ਉਦਮ ਕਰੇ ਅਤੇ ਸਮੂਹ ਇਤਿਹਾਸਕ ਗੁਰ-ਅਸਥਾਨਾਂ ਵਿਚੋਂ ਪੂਰੀ ਸਖ਼ਤੀ ਨਾਲ ਫੋਟੋਆਂ ਟੰਗਣ ਤੇ ਸਜਾਉਣ ਤੋਂ ਰੋਕਣ ਲਈ ਡੱਟ ਜਾਵੇ। ਇਹ ਫੋਟੋ-ਪ੍ਰਸਤੀ ਸਾਰੀਆਂ ਮਨਮਤਾਂ ਦੀ ਜੜ੍ਹ ਹੈ ਅਤੇ ਗੁਰੂ-ਡੰਮ ਫੈਲਾਉਣ ਦਾ ਵਡਾ ਸਾਧਨ ਹੈ।

ਇਨ੍ਹਾਂ ਤਸਵੀਰਾਂ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਸਿਖ ਇਤਿਹਾਸ ਦੀਆਂ ਫਿਲਮਾਂ ਨੂੰ ਅਪਣਾਅ ਕੇ ਜੋ ਭਾਰੀ ਉਪੱਦ੍ਰਵ ਕੀਤਾ ਹੈ, ਉਸ ਬਾਰੇ ਸਾਡੇ ਸਤਿਕਾਰ ਯੋਗ ਲੇਖਕ ਆਪਣੇ ਲੇਖ ''ਨਾਟਕ, ਫਿਲਮਾਂ ਤੇ ਸਿਖ ਮੱਤ'' ਵਿਚ ਲਿਖਦੇ ਹਨ ਕਿ ਫ਼ਿਲਮਾਂ ਸਬੰਧੀ ਇਤਨਾ ਹੀ ਕਹਿਣਾ ਕਾਫ਼ੀ ਹੋਵੇਗਾ ਕਿ 'ਨਾਨਕ ਨਾਮ ਜਹਾਜ਼' ਫਿਲਮ ਦੀ ਰੂਪ-ਰੇਖਾ ਵਿਚਾਰਨ ਤੇ ਪਰਖਣ ਪਿਛੋਂ ਸ਼੍ਰੋਮਣੀ ਗੁ: ਪ੍ਰ: ਕਮੇਟੀ ਨੇ ਫਿਲਮ ਦੇ ਨਿਰਮਾਣਕਾਰਾਂ ਨੂੰ ਪੂਰਾ ਪੂਰਾ ਮਿਲਵਰਤਣ ਦਿਤਾ......। ਕੁਝ ਸਤਰਾਂ ਤੋਂ ਪਿਛੋਂ ਲੇਖਕ ਜੀ ਲਿਖਦੇ ਹਨ ਕਿ 'ਇਹ ਪਹਿਲੀ ਵਾਰ ਸੀ ਜਦੋਂ ਲੱਖਾਂ ਲੋਕਾਂ ਨੂੰ ਉਸ ਫਿਲਮ ਰਾਹੀਂ ਗੁਰਬਾਣੀ ਦੀ ਮਿੱਠਤ, ਸਰਬ-ਸਾਂਝੀ ਅਪੀਲ ਤੇ ਅਗੰਮੀ ਰਸ ਦਾ ਅਨੰਦ ਮਿਲਿਆ...।'

ਇਨ੍ਹਾਂ ਖਿਆਲਾਂ ਦੀ ਅਸਲੀਅਤ ਅਸੀਂ ਕਿਸੇ ਅਗਲੇ ਪਰਚੇ ਵਿਚ ਉਘੇੜਾਂਗੇ।

---

## ਭਾਃ ਸਾਃ ਭਾਈ ਰਣਧੀਰ ਸਿੰਘ ਜੀ ਪਾਠ-ਉਤਸ਼ਾਹਤ-ਸਕੀਮ

ਇਸ ਸਕੀਮ ਬਾਰੇ 'ਸੂਰਾ' ਪਰਚਾ ਵਿਚ ਪਹਿਲੋਂ ਇਤਲਾਹ ਦਿਤੀ ਜਾ ਚੁੱਕੀ ਹੈ। ੨੫ ਸਾਲ ਦੀ ਉਮਰ ਦੇ ਅੰਦਰ ਅੰਦਰ ਜੇਹੜੇ ਅੰਮ੍ਰਿਤਧਾਰੀ, ਰਹਿਤ ਬਹਿਤ ਵਿਚ ਪੂਰੇ, ਬੱਚੇ ਬੱਚੀਆਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਲੜੀਦਾਰ ਸਰੂਪ ਤੋਂ ਇਕ ਘੰਟੇ ਵਿਚ ਘਟ ਤੋਂ ਘਟ ੩੦ ਪੰਨੇ ਪਾਠ ਕਰਨ ਦੀ ਯੋਗਤਾ ਰੱਖਦੇ ਹਨ, ਉਹ ਭਾਈ ਬਲਬੀਰ ਸਿੰਘ ਜੀ, ੧੨੬ ਮਾਡਲ ਟਾਊਨ, ਲੁਧਿਆਣਾ ਦੇ ਪਤੇ ਤੇ **੩੦ ਨਵੰਬਰ ਤੱਕ ਆਪਣੀ ਦਰਖ਼ਾਸਤ ਭੇਜਣ ਦੀ ਕਿਰਪਾ ਕਰਨ।** ਯੋਗ ਬੱਚਿਆਂ ਨੂੰ ਪੋਹ ਸੁਦੀ ਸੱਤਵੀਂ ਦੇ ਸਮਾਗਮ ਤੇ ਸਨਮਾਨਤ ਕੀਤਾ ਜਾਏਗਾ।

ਉਨ੍ਹਾਂ ਦੀ ਦਰਖ਼ਾਸਤ ਵਿਚ ਹੇਠ ਲਿਖੀ ਇਤਲਾਹ ਦਿੱਤੀ ਜਾਣੀ ਜ਼ਰੂਰੀ ਹੈ :–

(੧) ਨਾਮ ... ... ... ... ... ... ... .. ... ... (੨) ਜਨਮ ਦੀ ਤਰੀਕ... ... ... ... ... ... ...

(੩) ਪਿਤਾ ਦਾ ਨਾਮ ... ... ... ... ... ... ... ... ... ..

(੪) ਆਪਣਾ ਪੂਰਾ ਪਤਾ ... ... ... ... ... ... ... ... ... ...

ਦਰਖ਼ਾਸਤ ਵਾਲੇ ਬੱਚੇ/ਬੱਚੀ ਦੇ ਦਸਖ਼ਤ ... ... ... ...

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫਤਰ ਸ੍ਰੀ ਅੰਮ੍ਰਿਤਸਰ



www.AKJ.Org

ਗਿਆਨੀ ਊਧਮ ਸਿੰਘ ਜੀ ਨਵੀਂ ਦਿਲੀ ਵਲੋਂ

# ਪੰਥਕ ਮੁਖੀਆਂ ਦੇ ਨਾਮ ਅਖੌਤੀ ਨਿਰੰਕਾਰੀਆਂ ਬਾਰੇ ਖੁਲ੍ਹੀ ਚਿਠੀ

ਪਰਮ ਕਿਰਪਾਲੂ ਜੀ, ਬੇਨਤੀ ਹੈ ਕਿ ੨੭. ੮. ੮੩ ਨੂੰ ਆਲ ਇੰਡੀਆ ਰੇਡੀਉ ਤੇ ਖਬਰ ਸੁਣੀ ਹੈ ਕਿ ਕੇਂਦਰੀ ਸਰਕਾਰ ਨੇ ਅਖੌਤੀ ਨਕਲੀ ਨਿਰੰਕਾਰੀਆਂ ਅਤੇ ਖਾਲਸਾ ਪੰਥ ਦਾ ਮੇਲ ਮਿਲਾਪ ਕਰਾਉਣ ਲਈ ੯ ਵਿਅਕਤੀਆਂ ਤੇ ਅਧਾਰਤ ਇਕ ਕਮੇਟੀ ਬਣਾਈ ਹੈ, ਜਿਸ ਦੇ ਸੰਬੰਧ ਵਿਚ ਇਸ ਪਤਰ ਰਾਹੀਂ ਕੁਝ ਸੁਝਾਉ ਪੇਸ਼ ਕਰ ਰਿਹਾ ਹਾਂ। ਆਸ ਹੈ ਇਨ੍ਹਾਂ ਤੇ ਪੂਰੀ ਵੀਚਾਰ ਕਰੋਗੇ।

੧. ਇਸ ਮਾਮਲੇ ਦਾ ਸਿੱਧਾ ਸੰਬੰਧ ਸਿਖ ਧਰਮ, ਗੁਰਮਤਿ ਮਰਯਾਦਾ ਅਤੇ ਸਿਖੀ ਰਹੁ-ਰੀਤਾਂ ਨਾਲ ਹੈ, ਜਿਸ ਨੂੰ ਕੇਵਲ ਸਿਆਸੀ ਨਜ਼ਰੀਏ ਨਾਲ ਹੱਲ ਕਰਨਾ ਸਿਖੀ ਲਈ ਹਾਨੀਕਾਰਕ ਸਿਧ ਹੋਵੇਗਾ।

੨. ਸਰਕਾਰ ਨੂੰ ਇਸ ਵਿਚ ਕੀ ਦਿਲਚਸਪੀ ਹੈ ਅਤੇ ਉਹ ਇਸ ਸਰਬ-ਧਰਮ ਵਿਰੋਧੀ ਟੋਲੇ ਨੂੰ ਕਿਉਂ ਅਹਿਮੀਅਤ ਦੇ ਰਹੀ ਹੈ, ਇਹ ਗੱਲ ਖ਼ਾਸ ਧਿਆਨ ਦੀ ਮੁਥਾਜ ਹੈ।

੩. ਇਸ ਟੋਲੇ ਦਾ ਸਿਧਾਂਤਕ ਨਜ਼ਰੀਆ ਧਰਮ ਅਤੇ ਆਚਰਨ ਦੀਆਂ ਕਦਰਾਂ-ਕੀਮਤਾਂ ਨੂੰ ਛਿਕੇ ਤੇ ਟੰਗ ਕੇ ਅਤੇ ਸਿਖੀ ਅਸੂਲਾਂ ਦੇ ਹੱਦਾਂ ਬੰਨੇ ਤੋੜ ਕੇ ਰੂਹਾਨੀਅਤ ਦੇ ਪਰਦੇ ਉਹਲੇ ਅਯਾਸ਼ੀ ਦਾ ਜੀਵਨ ਗੁਜ਼ਾਰਨਾ ਹੈ। ਜੇ ਇਨ੍ਹਾਂ ਨੇ ਪੰਥ ਦੀ ਸ਼ਰਨ ਵਿਚ ਆਉਣਾ ਹੈ ਤਾਂ ਇਹ ਆਪਣੀਆਂ ਭੁਲਾਂ ਨੂੰ ਖੁਲ੍ਹੇ ਤੌਰ ਤੇ ਸਵੀਕਾਰ ਕਰਨ ਅਤੇ ਅਗੇ ਤੋਂ ਅਜਿਹਾ ਨਾ ਕਰਨ ਦਾ ਸੱਚੇ ਦਿਲੋਂ ਪ੍ਰਣ ਲੈਣ। ਇਨ੍ਹਾਂ ਨੂੰ ਸ਼ਰਨ ਦੇਣ ਤੋਂ ਪਹਿਲਾਂ ਹੇਠ ਲਿਖੀਆਂ ਗੱਲਾਂ ਵਲ ਵਿਸ਼ੇਸ਼ ਧਿਆਨ ਦਿਤੇ ਜਾਣ ਦੀ ਲੋੜ ਹੈ :–

(ੳ) ਨਿਰੰਕਾਰੀ ਪਹਿਲਾਂ ਸਮੁਚੇ ਤੌਰ ਤੇ ਆਪਸ ਵਿਚ ਫੈਸਲਾ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹਾਜ਼ਰ ਹੋਣ, ਅਤੇ ਕੀਤੀਆਂ ਵਧੀਕੀਆਂ ਦੀ ਮਾਫੀ ਮੰਗਣ।

(ਅ) ਇਹ ਐਲਾਨ ਕਰਨ ਕਿ ਸਾਡੀ ਸਿਖ ਪੰਥ ਨਾਲੋਂ ਵਖਰੀ ਹੋਂਦ ਨਹੀਂ ਹੋਵੇਗੀ, ਅਸੀਂ ਆਪਣੇ ਆਪ ਨੂੰ ਖਾਲਸਾ ਪੰਥ ਦਾ ਅੰਗ ਸਮਝ ਕੇ ਵਿਚਰਾਂਗੇ, ਹਰ ਗੱਲ ਗੁਰਮਤਿ ਰਹੁ-ਰੀਤੀ ਅਨੁਸਾਰ ਕਰਾਂਗੇ ਅਤੇ ਅੱਗੇ ਤੋਂ ਸਿਖ ਧਰਮ ਦੇ ਕਿਸੇ ਅਸੂਲ ਦੀ ਉਲੰਘਣਾ ਨਹੀਂ ਕਰਾਂਗੇ।

(ੲ) ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਇਸ਼ਟ ਗੁਰੂ ਮੰਨਾਂਗੇ।

(ਸ) ਅਵਤਾਰ ਬਾਣੀ ਅਤੇ ਨਿਰੰਕਾਰੀ ਮੱਤ ਦੀਆਂ ਹੋਰ ਕਿਤਾਬਾਂ ਉਤੇ ਪੂਰੇ ਤੌਰ ਤੇ ਪਾਬੰਦੀ ਲਗਣ ਤੇ ਸਾਨੂੰ ਕੋਈ ਇਤਰਾਜ਼ ਨਹੀਂ ਹੋਵੇਗਾ।

(ਹ) ਅਸੀਂ ਗੁਰਬਾਣੀ ਦੀਆਂ ਤੁਕਾਂ ਦਾ ਭੰਨ ਤੋੜ ਕੇ ਪ੍ਰਯੋਗ ਨਹੀਂ ਕਰਾਂਗੇ ਅਤੇ ਨਾ ਹੀ ਕਿਸੇ ਮਨੁੱਖੀ ਕਵਿਤਾ ਨੂੰ ਗੁਰਬਾਣੀ ਵਿਚ ਮਿਲਾ ਕੇ ਪੜ੍ਹਾਂਗੇ।

(ਕ) ਅਸੀਂ ਸਿਖ ਧਰਮ ਦੇ ਕਿਸੇ ਵੀ ਪ੍ਰਵਾਣਿਤ ਅਸੂਲ, ਅਸਥਾਨ ਅਤੇ ਮਰਯਾਦਾ ਉਤੇ ਕਿੰਤੂ ਨਹੀਂ ਕਰਾਂਗੇ।

ਸੋ ਉਕਤ ਸ਼ਰਤਾਂ ਦੇ ਤੈਅ ਹੋਏ ਬਿਨਾਂ, ਇਹ ਮੇਲ ਮਿਲਾਪ ਇਸ ਟੋਲੇ ਅਤੇ ਇਸ ਦੀਆਂ ਹਰਕਤਾਂ ਨੂੰ ਸਵੀਕਾਰ ਕਰਨਾ ਹੈ, ਜਿਸਦਾ ਨਤੀਜਾ ਸਿਖੀ ਨੂੰ ਅਗੇ ਨਾਲੋਂ ਵੀ ਵਧੇਰੇ ਢਾਹ ਲਗੇਗੀ, ਜਿਸ ਨੂੰ ਠੱਲ੍ਹ ਪਾਉਣੀ ਅਸੰਭਵ ਹੋਵੇਗੀ।––ਇਉਂ ਪ੍ਰਤੀਤ ਹੁੰਦਾ ਹੈ ਕਿ ਸਿਖੀ ਦੇ ਮੁਢਲੇ ਸਿਧਾਂਤਾਂ ਨੂੰ ਖੇਰੂ ਖੇਰੂ ਕਰਨ ਲਈ ਇਹ ਇਕ ਸਾਜ਼ਸ਼ ਰਚੀ ਜਾ ਰਹੀ ਹੈ। ਜੇ ਇਸ ਵੇਲੇ ਵੋਟਾਂ ਦੇ ਜਾਂ ਕਿਸੇ ਹੋਰ ਲਾਭ ਨੂੰ ਮੁਖ ਰਖ ਕੇ ਸਮਝੌਤਾ ਕੀਤਾ ਗਿਆ ਤਾਂ ਇਸਦੇ ਦੁਸ਼ਵਾਰ ਨਤੀਜੇ ਸਿਖ ਕੌਮ ਨੂੰ ਸਦੀਆਂ ਤਕ ਭੁਗਤਣੇ ਪੈਣਗੇ। ਸਿਖ ਧਰਮ ਮਾਨਵੀ ਏਕਤਾ ਦਾ ਵਿਸ਼ਵਾਸੀ ਹੈ, ਪਰ ਇਹ ਏਕਤਾ ਸਿਖੀ ਸਿਧਾਂਤਾਂ ਨੂੰ ਕੁਰਬਾਨ ਕਰਕੇ ਨਹੀਂ ਕੀਤੀ ਜਾ ਸਕਦੀ, ਅਤੇ ਨਾ ਹੀ ਇਸ ਬੋਗਸ ਲਹਿਰ ਨੂੰ ਮੰਨ ਕੇ ਸਿਖ ਪ੍ਰਵਾਰਾਂ ਦੇ ਇਸ ਵਿਚ ਸ਼ਾਮਲ ਹੋਣ ਦਾ ਰਾਹ ਖੋਲ੍ਹਿਆ ਜਾ ਸਕਦਾ ਹੈ।

ਊਧਮ ਸਿੰਘ ੩–੯–੮੩



www.AKJ.Org

# ਇੰਦੌਰ ਵਿਚ ਪੁਲਸ ਨੇ ਗੁ:ਇਮਲੀ ਸਾਹਿਬ ਦੀ ਬੇਅਦਬੀ ਕੀਤੀ

**ਡਾ: ਰਾਜਿੰਦਰ ਕੌਰ ਵਲੋਂ ਦੌਰੇ ਦੇ ਬਾਅਦ ਰਿਪੋਰਟ ਰੀਲੀਜ਼–**

ਅੰਮ੍ਰਿਤਸਰ, ੧੭ ਸਤੰਬਰ–ਪਿਛਲੇ ਦਿਨੀਂ ਪੁਲਸ ਵਲੋਂ ਇੰਦੌਰ ਦੇ ਗੁਰਦੁਆਰਾ ਇਮਲੀ ਸਾਹਿਬ ਦੀ ਬੇਅਦਬੀ ਕੀਤੀ ਗਈ ਤੇ ਸਿਖਾਂ ਨੂੰ ਸਖ਼ਤ ਮਾਰ-ਕੁਟਾਈ ਕੀਤੀ ਗਈ। ਇਸ ਬਾਰੇ ਡਾਕਟਰ ਰਾਜਿੰਦਰ ਕੌਰ ਐਮ. ਪੀ. ਨੇ ਮੌਕਾ ਦੇਖਣ ਦੇ ਬਾਅਦ ਆਪਣੀ ਰਿਪੋਰਟ ਵਿਚ ਕਿਹਾ ਹੈ ਕਿ ਪੁਲਸ ਨੇ ਜੋ ਅਤਿਆਚਾਰ ਤੇ ਤਸ਼ੱਦਦ ਇੰਦੌਰ ਦੇ ਗੁਰਦੁਆਰੇ ਇਮਲੀ ਸਾਹਿਬ ਉਤੇ ਕੀਤਾ ਹੈ, ਉਸ ਦੇ ਹਾਲਾਤ ਅਖ਼ਬਾਰਾਂ ਵਿਚ ਪੜ੍ਹਨ ਤੇ ਅੱਖੀਂ ਵੇਖਣ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਕਦੀ ਸੁਪਨੇ ਵਿਚ ਵੀ ਇਹ ਖ਼ਿਆਲ ਨਹੀਂ ਸੀ ਆ ਸਕਦਾ ਕਿ ਇਸ ਤਰ੍ਹਾਂ ਗੁਰਦੁਆਰੇ ਉਤੇ ਹਮਲਾ ਕਰ ਕੇ ਸਿਖਾਂ ਨੂੰ ਇਸ ਬੇਦਰਦੀ ਨਾਲ ਕੁਟਿਆ ਮਾਰਿਆ ਜਾਏਗਾ ਤੇ ਮਹਾਰਾਜ ਦੀ ਪਾਵਨ ਬੀੜ ਉਤੇ ਵੀ ਪੱਥਰ ਮਾਰੇ ਜਾਣਗੇ। (ਪੂਰੇ ਹਾਲਾਤ ਲਈ ਅਗੇ ਸਾਰੀ ਰੀਪੋਰਟ ਵਿਸਥਾਰ ਸਹਿਤ ਦਿਤੀ ਗਈ ਹੋਈ ਹੈ)। –ਅਜੀਤ ੧੮-੯-੮੩

## ਇੰਦੌਰ ਘਟਨਾ ਦੀ ਜੁਡੀਸ਼ਲ ਜਾਂਚ ਕਰਾਓ–ਸੰਤਾਂ ਦਾ ਇੰਦਰਾ ਨੂੰ ਪੱਤਰ

**ਸਿਖਾਂ ਨੂੰ ਫਿਰਕੂ ਭਾਵਨਾ ਨਾਲ ਮਾਰਿਆ ਗਿਆ–**

ਅੰਮ੍ਰਿਤਸਰ, ੧੯ ਸਤੰਬਰ–ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਨਾਂ ਆਪਣੇ ਪਤਰ ਵਿਚ ਇਸ ਗੱਲ ਦੀ ਮੰਗ ਕੀਤੀ ਹੈ ਕਿ ਇੰਦੌਰ ਚਿ ਸਿਖਾਂ ਤੇ ਜੋ ਜਬਰ ਹੋਇਆ ਹੈ, ਉਸਦੀ ਜੁਡੀਸ਼ਲ ਜਾਂਚ ਕਰਾਈ ਜਾਏ। ਦੋਸ਼ੀਆਂ ਨੂੰ ਸਜ਼ਾ ਦਿਤੀ ਜਾਏ ਅਤੇ ਜੋ ਲੋਕ ਜਬਰ ਦਾ ਸ਼ਿਕਾਰ ਹੋਏ ਹਨ ਉਹਨਾਂ ਨੂੰ ਮੁਨਾਸਿਬ ਮੁਆਵਜ਼ਾ ਦਿਤਾ ਜਾਵੇ ਤਾਂ ਜੁ ਘਟ-ਗਿਣਤੀਆਂ ਦਾ ਭਰੋਸਾ ਫਿਰ ਤੋਂ ਕਾਇਮ ਹੋ ਸਕੇ, ਜਿਸ ਤੇ ਭਾਰਤ ਦਾ ਸੰਵਿਧਾਨ ਅਧਾਰਤ ਹੈ।

ਪ੍ਰਧਾਨ ਮੰਤਰੀ ਦੇ ਨਾਮ ਆਪਣੇ ਪਤਰ ਵਿਚ ਸੰਤ ਜੀ ਨੇ ਲਿਖਿਆ ਹੈ ਕਿ ੨ ਤੇ ੩ ਸਤੰਬਰ ਨੂੰ ਇੰਦੌਰ ਵਿਚ ਦਰਜਨਾਂ ਸਿਖਾਂ ਤੇ ਪੁਲਸ ਵਲੋਂ ਜਬਰ ਢਾਹਿਆ ਗਿਆ ਅਤੇ ਇੰਜ ਜਾਪਦਾ ਸੀ ਜਿਵੇਂ ਕਿ ਪੁਲਸ ਫਿਰਕੂ ਭਾਵਨਾ ਨਾਲ ਕੰਮ ਕਰ ਰਹੀ ਹੋਵੇ। ਝਗੜੇ ਦਾ ਅਸਲ ਕਾਰਨ ਦੋ ਟੈਂਪੂ ਯੂਨੀਅਨਾਂ ਵਿਚ ਝਗੜਾ ਸੀ, ਇਸ ਨੂੰ ਬਹਾਨਾ ਬਣਾ ਕੇ ਸਿੱਖਾਂ ਤੇ ਜ਼ੁਲਮ ਕੀਤਾ ਗਿਆ। ਇਸ ਦਾ ਕਾਰਨ ਇਹ ਹੈ ਕਿ ਸਥਾਨਕ ਅਧਿਕਾਰੀ, ਸਿੱਖਾਂ ਨਾਲ ਨਰਾਜ਼ ਸਨ, ਕਿਉਂਕਿ ਕੁਝ ਸਮਾਂ ਪਹਿਲਾਂ ਭੁਪਾਲ ਦੇ ਇਕ ਸਮਾਰੋਹ ਵਿਚ ਸਿੱਖਾਂ ਨੇ ਰਾਜੀਵ ਗਾਂਧੀ ਦੇ ਸਿੱਖਾਂ ਅਤੇ ਗੁਰੂ ਗਰੰਥ ਸਾਹਿਬ ਬਾਰੇ ਰਿਮਾਰਕਸ ਤੇ ਰੋਸ ਕੀਤਾ ਸੀ। ਫਿਰ ਗ੍ਰਿਹ ਮੰਤਰੀ ਸ੍ਰੀ ਪੀ. ਸੀ. ਸੇਠੀ ਵਲੋਂ ਗੁਰਦਵਾਰਿਆਂ ਵਿਚ ਪੁਲਸ ਦਾਖਲੇ ਦੀ ਵਾਰ ਵਾਰ ਗੱਲ ਕਹਿਣ ਨਾਲ ਪੁਲਸ ਨੂੰ ਸ਼ਹਿ ਮਿਲ ਗਈ। ਟੈਂਪੂ ਯੂਨੀਅਨਾਂ ਵਿਚ ਝਗੜਾ ਬੜੀ ਮਾਮੂਲੀ ਗੱਲ ਸੀ ਅਤੇ ਉਘੇ ਸਿਖਾਂ ਦੀ ਵਾਰਨਿੰਗ ਦੇ ਬਾਵਜੂਦ ਇਸ ਨੂੰ ਹਲ ਨਾ ਕੀਤਾ ਗਿਆ, ਕਿਉਂਕਿ ਅਧਿਕਾਰੀ ਇਸ ਦਾ ਲਾਭ ਉਠਾਣਾ ਚਾਹੁੰਦੇ ਸਨ। ਪੁਲਸ ਨੇ ਗੁਰਦੁਆਰਾ ਇਮਲੀ ਸਾਹਿਬ ਨੂੰ ਘੇਰ ਲਿਆ ਅਤੇ ਅੰਦਰ ਬੈਠੇ ਸ਼ਰਧਾਲੂਆਂ ਉਤੇ, ਜਿਹਨਾਂ ਵਿਚ ਔਰਤਾਂ ਤੇ ਬੱਚੇ ਵੀ ਸ਼ਾਮਲ ਸਨ, ਲਾਠੀਆਂ ਅਤੇ ਹੋਰ ਹਥਿਆਰਾਂ ਨਾਲ ਹਮਲੇ ਕੀਤੇ। ਕੁਝ ਸਿਖਾਂ ਨੂੰ ਉਹਨਾਂ ਦੇ ਘਰਾਂ ਤੋਂ ਕੱਢ ਕੇ ਮਾਰਿਆ ਕੁਟਿਆ ਗਿਆ। ਇੰਜ ਜਾਪਦਾ ਸੀ ਜਿਵੇਂ ਪੁਲੀਸ ਪਾਗਲ ਹੋ ਗਈ ਹੋਵੇ। ਉਸ ਨੇ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਵੀ ਕੀਤੀ। ਫਿਰ ਹਸਪਤਾਲ ਵਿਚ ਲੰਗਰ ਲੈ ਕੇ ਗਏ ਸਿਖਾਂ ਤੇ ਵੀ ਜਬਰ ਕੀਤਾ ਗਿਆ।

ਸੰਤ ਜੀ ਨੇ ਪ੍ਰਧਾਨ ਮੰਤਰੀ ਨੂੰ ਹੋਰ ਲਿਖਿਆ ਹੈ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਜਮਨਾ ਨਗਰ



www.AKJ.Org

ਅਤੇ ਕਰਨਾਲ ਵਿਚ ਵੀ ਹੋ ਚੁਕੀਆਂ ਹਨ, ਜਿਸ ਤੋਂ ਪਤਾ ਲਗਦਾ ਹੈ ਕਿ ਘਟ-ਗਿਣਤੀਆਂ ਨਾਲ ਕਿਸ ਤਰ੍ਹਾਂ ਦਾ ਸਲੂਕ ਕੀਤਾ ਜਾ ਰਿਹਾ ਹੈ। ਜੇ ਦੇਸ਼ ਦੀ ਅਖੰਡਤਾ ਨੂੰ ਬਚਾਣਾ ਹੈ ਤਾਂ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਵਾਪਰਨ ਤੋਂ ਰੋਕਣ ਲਈ ਪ੍ਰਭਾਵਸ਼ਾਲੀ ਕਦਮ ਚੁਕੇ ਜਾਣ।

# ਸ੍ਰੀ ਮਤੀ ਇੰਦਰਾ ਗਾਂਧੀ ਤੇ ਫ਼ਿਰਕਾਪ੍ਰਸਤੀ ਦਾ ਦੋਸ਼ ?

ਹਿੰਦੂ ਕਮਿਊਨਿਸਟ ਪਾਰਟੀ ਦੀ ਕੌਮੀ ਕੌਂਸਲ ਨੇ ਕਈ ਦਿਨਾਂ ਦੀ ਬੈਠਕ ਤੋਂ ਪਿਛੋਂ ਕੁਝ ਮਤੇ ਪਾਸ ਕੀਤੇ। ਇਨ੍ਹਾਂ ਵਿਚੋਂ ਇਕ ਨੀਤੀ-ਮਤਾ ਵੀ ਸੀ। ਪਾਰਟੀ ਦੇ ਜਨਰਲ ਸੈਕਟਰੀ ਕਾਮਰੇਡ ਰਾਜਸ਼ਵਰ ਰਾਉ ਨੇ ਪਤਰਕਾਰਾਂ ਨੂੰ ਕੌਮੀ ਕੌਂਸਲ ਦੇ ਫੈਸਲਿਆਂ ਤੋਂ ਜਾਣੂ ਕਰਾਇਆ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅਗਲੀਆਂ ਚੋਣਾਂ ਜਿਤਣ ਲਈ ਫਿਰਕਾਪ੍ਰਸਤੀ ਦਾ ਸਹਾਰਾ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਪਾਰਟੀ ਨੇ ਸ੍ਰੀਮਤੀ ਗਾਂਧੀ ਨੂੰ 'ਫਿਰਕੂ' ਕਰਾਰ ਦੇਂਦਿਆਂ ਕਿਹਾ ਹੈ ਕਿ ਉਹ ਅਗਲੀਆਂ ਲੋਕ ਸਭਾ ਦੀਆਂ ਚੋਣਾਂ ਜਿਤਣ ਲਈ ਬਹੁਗਿਣਤੀ ਫਿਰਕੇ ਦੇ ਫਿਰਕੂ ਅਨਸਰ ਨੂੰ ਸ਼ਹਿ ਦੇ ਰਹੇ ਹਨ। ਇਸ ਤਰ੍ਹਾਂ ਉਹ ਥੋੜ੍ਹ-ਚਿਰੇ ਸਿਆਸੀ ਲਾਭਾਂ ਖਾਤਿਰ ਬਹੁਗਿਣਤੀ ਦੇ ਫਿਰਕੂ ਅਨਸਰ ਨੂੰ ਹੱਲਾ ਸ਼ੇਰੀ ਦੇ ਰਹੇ ਹਨ, ਪਾਰਟੀ ਨੇ ਇਸ ਗਲ ਤੇ ਸਖਤ ਇਤਰਾਜ਼ ਕੀਤਾ ਹੈ। ਉਨ੍ਹਾਂ ਨੇ ਦਸਿਆ ਕਿ ਕੌਂਸਲ ਦੇ ੧੨੪ ਮੈਂਬਰਾਂ ਵਿਚੋਂ ਸ੍ਰੀਮਤੀ ਗਾਂਧੀ ਦੀ ਹਮਾਇਤ ਕੇਵਲ ਪੰਜ ਮੈਂਬਰਾਂ ਨੇ ਹੀ ਕੀਤੀ ਹੈ।

ਉਨ੍ਹਾਂ ਕਿਹਾ ਕਿ ਕਾਂਗਰਸ (ਆਈ) ਦੀ ਨੀਤੀ ਹੁਣ ਘਟ-ਗਿਣਤੀਆਂ ਮੁਸਲਿਮ, ਈਸਾਈ, ਸਿਖ ਨਾਲ ਟੱਕਰ ਲੈਣ ਵਾਲੀ ਹੋ ਗਈ ਹੈ,ਤਾਂ ਜੁ ਹਿੰਦੂ ਫਿਰਕਾਪ੍ਰਸਤਾਂ ਨੂੰ ਹੱਥਾਂ ਹੇਠ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਪਾਰਟੀ ਚਾਹੁੰਦੀ ਹੈ ਕਿ ਸ੍ਰੀਮਤੀ ਗਾਂਧੀ ਇਸ ਰਾਹ ਤੋਂ ਮੁੜੇ।......ਉਨ੍ਹਾਂ ਨੇ ਕਿਹਾ ਕਿ ਉਪਰੋਕਤ ਮਨੋਰਥ ਲਈ ਹੀ ਸ੍ਰੀਮਤੀ ਗਾਂਧੀ ਪੰਜਾਬ ਦੇ ਮਸਲੇ ਨੂੰ ਲਟਕਾਈ ਤੁਰੇ ਜਾਂਦੇ ਹਨ। ਇਸ ਮਸਲੇ ਦਾ ਹਲ ਚੋਣ-ਮੰਤਵਾਂ ਕਾਰਨ ਹੀ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਨੇ ਕਿਹਾ ਕਿ ਇੰਦਰਾ ਗਾਂਧੀ ਚਾਹੁਣ ਤਾਂ ਇਹ ਮਸਲਾ ੨੪ ਘੰਟਿਆਂ ਵਿਚ ਹਲ ਕਰ ਸਕਦੇ ਹਨ, ਪਰ ਉਹ ਕਰਨਾ ਨਹੀਂ ਚਾਹੁੰਦੇ। ਦੋ ਵਾਰੀ ਸਮਝੌਤਾ ਹੋਣ ਦੇ ਨੇੜੇ ਪੁਜ ਚੁਕਾ ਸੀ, ਪਰ ਸ੍ਰੀਮਤੀ ਗਾਂਧੀ ਨੇ ਇਸ ਨੂੰ ਸਾਬੋਤਾਜ ਕਰ ਦਿਤਾ। ਇਸ ਦੇ ਉਲਟ ਸ੍ਰੀਮਤੀ ਗਾਂਧੀ ਨੇ ਹਰਿਆਣੇ ਦੇ ਲੋਕਾਂ ਨੂੰ ਪੰਜਾਬ ਦੇ ਅਗੇ ਕਰ ਦਿਤਾ। ਕਾਮਰੇਡ ਜੀ ਨੇ ਪੂਰੀ ਜ਼ੁੰਮੇਵਾਰੀ ਨਾਲ ਕਿਹਾ ਕਿ ਹਰਿਆਣਾ ਵਿਚ ਯਮੁਨਾ ਨਗਰ ਅਤੇ ਕਰਨਾਲ ਵਿਚ ਸਿੱਖਾਂ ਉਤੇ ਹਮਲਿਆਂ ਪਿਛੇ ਕਾਂਗਰਸ ਤੇ ਭਾਜਪਾ ਦਾ ਹਥ ਹੈ। ਉਨ੍ਹਾਂ ਕਿਹਾ ਕਿ ਕੌਂਸਲ ਨੇ ਕਾਂਗਰਸ ਵਲੋਂ ਲਗਾਤਾਰ ਸੰਤ ਜਰਨੈਲ ਸਿੰਘ ਭਿੰਡਰਾਂ ਨਾਲ 'ਅੱਖ ਮਟੱਕਾ' ਜਾਰੀ ਰਖਣ ਉਤੇ ਵੀ ਸਖਤ ਹੈਰਾਨੀ ਪ੍ਰਗਟ ਕੀਤੀ ਹੈ ਤੇ ਕੌਂਸਲ ਸਮਝਦੀ ਹੈ ਕਿ ਸੰਤ ਜਰਨੈਲ ਸਿੰਘ ਕਾਂਗਰਸ ਦੀ ਹੀ ਉਪਜ ਹੈ। ਉਨ੍ਹਾਂ ਕਿਹਾ "ਮੈਂ ਉਨ੍ਹਾਂ ਲੋਕਾਂ ਦੇ ਅਹੁਦੇ ਅਤੇ ਨਾਮ ਨਹੀਂ ਦਸਾਂਗਾ ਜਿਨ੍ਹਾਂ ਨੇ ਸੰਤ ਨੂੰ ਉਭਾਰਿਆ। ਮੈਂ ਉਨ੍ਹਾਂ ਅਹੁਦਿਆਂ ਦਾ ਅਪਮਾਨ ਨਹੀਂ ਕਰਨਾ ਚਾਹੁੰਦਾ ਜਿਥੇ ਉਹ ਬੰਦੇ ਹੁਣ ਬੈਠੇ ਹਨ।"

ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਧਾਰਨਾ ਸੰਬੰਧੀ ਤਾਂ ਅਸੀਂ ਕੁਝ ਨਹੀਂ ਕਹਿਣਾ ਚਾਹੁੰਦੇ, ਕਿਉਂਕਿ ਅਜਿਹੇ ਦੋਸ਼ ਫਿਰਕੂ ਅਤੇ ਵਿਪਰੀਤ ਅਖਬਾਰ ਵੀ ਲਗਾਉਂਦੇ ਰਹਿੰਦੇ ਹਨ, ਪਰ ਕਮਿਊਨਿਸਟ ਪਾਰਟੀ ਦੀ ਇਹ ਗੱਲ ਹੁਣ ਅਸੀਂ ਵੀ ਰਦ ਨਹੀਂ ਕਰ ਸਕਦੇ ਕਿ ਸ੍ਰੀਮਤੀ ਗਾਂਧੀ ਬਹੁਗਿਣਤੀ ਦੇ ਫਿਰਕੂ ਅਨਸਰਾਂ ਨੂੰ ਉਭਾਰ ਰਹੇ ਹਨ।......

'ਹਮਦਰਦ', ਅਜੀਤ ੨੪-੯-੮੩



www.AKJ.Org

# ਸ਼ਹੀਦ ਬੀਬੀ ਧਰਮ ਕੌਰ ਜੀ

(ਭਾਈ ਵਰਿਆਮ ਸਿੰਘ ਜੀ, ਗਾਂਧੀ ਨਗਰ, ਦਿਲੀ-੩੧)

ਇਕ ਗ਼ੈਰ-ਸਿਖ ਇਤਿਹਾਸਕਾਰ ਲਿਖਦਾ ਹੈ :—

ਹਮ ਸਮਝਤੇ ਹੈਂ ਕਿ ਸਿਖੋਂ ਕੀ ਸ਼ਹੀਦੀ ਕੀ ਗਾਥਾ ਬਹੁਤ ਬੜੀ ਹੈ ਔਰ ਬੜੀ ਹੀ ਕਰੁਣਾਜਨਕ ਭੀ ਹੈ। ਕਿੰਤੂ ਆਸ਼ਚਰਯ ਯਹ ਹੈ ਕਿ ਏਕ ਕੀ ਸ਼ਹੀਦੀ ਕੇ ਬਾਅਦ ਦੂਸਰਾ ਘਬਰਾਤਾ ਨਹੀਂ, ਕਿੰਤੂ ਉਤਸਾਹਿਤ ਹੋਤਾ ਹੈ। ਯਹ ਬਾਤ ਪੁਰਸ਼ੋਂ ਨੇ ਕੀ ਹੋ ਸੋ ਬਾਤ ਨਹੀਂ, ਕਿੰਤੂ ਸਿਖੋਂ ਕੀ ਬਹਨੇਂ ਔਰ ਗ੍ਰਿਹਣੀਆਂ ਭੀ ਜਬ ਪ੍ਰੀਕਸ਼ਾ ਕਾ ਸਮੇਂ ਆਇਆ, ਪੀਛੇ ਨਹੀਂ ਰਹੀਂ।

[ਸਿਖ ਇਤਿਹਾਸ ਹਿੰਦੀ, ਪੰਨਾ ੨੫੯, ਠਾਕਰ ਦੇਸ ਰਾਜ

ਅਠਾਰ੍ਹਵੀਂ ਸਦੀ ਦਾ ਇਤਿਹਾਸ ਸਿੱਖਾਂ ਦਾ ਖ਼ੂਨੀ ਇਤਿਹਾਸ ਹੈ। ਇਸ ਸਮੇਂ ਵਿੱਚ ਸਿਖਾਂ ਤੇ ਇਤਨੇ ਭਿਆਨਕ ਅਤੇ ਕਰੜੇ ਅਤਿਆਚਾਰ ਹੋਏ ਹਨ, ਜਿਨ੍ਹਾਂ ਨੂੰ ਪੜ੍ਹ ਸੁਣ ਕੇ ਅਜ ਵੀ ਲੂੰ-ਕੰਡੇ ਖੜੇ ਹੋ ਜਾਂਦੇ ਹਨ। ਮਨ ਦੀ ਧੜਕਣ ਰੁਕ ਰੁਕ ਪੈਂਦੀ ਹੈ। ਧੰਨ ਉਹ ਸਿਦਕੀ ਸਿੱਖ ਸਨ ਜਿਨ੍ਹਾਂ ਨੇ ਸਾਰੇ ਦੁਖੜੇ ਖਿੜੇ ਮਥੇ ਸਹਾਰੇ, ਹਸ ਹਸ ਸ਼ਹੀਦੀਆਂ ਪ੍ਰਾਪਤ ਕੀਤੀਆਂ, ਪਰ ਗੁਰੂ ਵਲੋਂ ਮੂੰਹ ਨਹੀਂ ਮੋੜਿਆ, ਪਿਆਰੀ ਸਿੱਖੀ ਕੇਸਾਂ ਸੰਗ ਨਿਭਾਈ।

ਡਾਕਟਰ ਗੰਡਾ ਸਿੰਘ ਜੀ ਤਾਂ ਲਿਖਦੇ ਹਨ ਕਿ ਸਾਰੇ ਇਤਿਹਾਸ ਵਿਚ ਕੋਈ ਇਕ ਭੀ ਐਸੀ ਮਿਸਾਲ ਨਹੀਂ ਮਿਲਦੀ ਕਿ ਕਿਸੇ ਫੜੇ ਗਏ ਸਿੰਘ ਨੇ ਆਪਣੀ ਜਾਨ ਬਚਾਉਣ ਲਈ ਆਪਣਾ ਧਰਮ ਤਿਆਗਿਆ ਹੋਵੇ। [ਮਹਾਰਾਜਾ ਕੌੜਾ ਮਲ, ਪੰਨਾ ੧੭

ਉਸ ਸਮੇਂ ਦੇ ਜ਼ੁਲਮੀ ਹਾਕਮਾਂ ਵਿਚੋਂ ਇਕ ਹਾਕਮ, ਖਾਨ ਬਹਾਦਰ ਜ਼ਕਰੀਆ ਖਾਂ ਹੋਇਆ ਹੈ। ਇਹ ੧੭੨੫ ਤੋਂ ੧੭੪੫ ਈਸਵੀ ਤਕ ਲਾਹੌਰ ਦਾ ਸੂਬਾ ਰਿਹਾ। ਇਸ ਨੇ ਤਾਂ ਜ਼ੁਲਮਾਂ ਦੀ ਹੱਦ ਕਰ ਦਿੱਤੀ ਸੀ। ਭਾਈ ਤਾਰਾ ਸਿੰਘ ਜੀ 'ਵਾਂ', ਭਾਈ ਮਨੀ ਸਿੰਘ ਜੀ, ਬੀਬੀ ਧਰਮ ਕੌਰ ਜੀ, ਭਾਈ ਦਿਆਲ ਸਿੰਘ ਜੀ ਸੈਂਸਰਾ, ਭਾਈ ਹੀਰਾ ਸਿੰਘ ਜੀ ਰੰਗੜ ਨੰਗਲ, ਭਾਈ ਪਹਾੜਾ ਸਿੰਘ ਸੈਦਪੁਰੀਆ, ਭਾਈ ਰੂਪ ਸਿੰਘ ਖੁੱਡੀਆਂ ਵਾਲਾ, ਭਾਈ ਤਾਰੂ ਸਿੰਘ ਜੀ ਅਤੇ ਭਾਈ ਮਹਿਤਾਬ ਸਿੰਘ ਜੀ ਆਦਿ ਅਨੇਕਾਂ ਸ਼ਹੀਦੀਆਂ ਇਸੇ ਦੇ ਅਹਿਦ ਵਿਚ ਹੋਈਆਂ ਸਨ।

ਬੀਬੀ ਧਰਮ ਕੌਰ ਜੀ, ਪਿੰਡ ਚਵਿੰਡਾ ਜ਼ਿਲਾ ਅੰਮ੍ਰਿਤਸਰ ਦੇ ਵਸਨੀਕ ਸਨ। ਖੰਡੇ ਦਾ ਅੰਮ੍ਰਿਤ ਬਚਪਨ ਤੋਂ ਹੀ ਛਕਿਆ ਹੋਇਆ ਸੀ ਅਤੇ ਸਿਰ ਤੇ ਦਸਤਾਰ ਸਜਾਂਦੇ ਸਨ। ਖਾਲਸਾ ਰਹਿਤ ਨੂੰ ਜਾਨ ਨਾਲੋਂ ਵਧ ਪਿਆਰ ਕਰਦੇ ਸਨ। ਗੁਰਬਾਣੀ ਦੇ ਇਸ ਸ਼ਬਦ ਅਨੁਸਾਰ :—

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥

(ਰਾਮਕਲੀ ਮਹਲਾ ੩ ਅਨੰਦੁ)

ਬੀਬੀ ਧਰਮ ਕੌਰ ਜੀ ਦੇ ਪਤੀ ਭਾਈ ਬਹਾਦਰ ਸਿੰਘ ਸੀ ਪੰਥ ਵਿਚ ਇਕ ਉਘੇ ਜਥੇਦਾਰ ਸਨ। ਕਈ ਧਰਮ-ਯੁਧਾਂ ਵਿਚ ਹਿੱਸਾ ਲੈ ਦੇ ਸਨ ਅਤੇ ਆਪ ਦਾ ਖਾਲਸਾ ਪੰਥ ਵਿਚ ਬਹੁਤ ਸਤਿਕਾਰ ਸੀ।

ਇਕ ਵਾਰੀ ਭਾਈ ਬਹਾਦਰ ਸਿੰਘ ਦੇ ਲੜਕੇ ਦਾ ਵਿਆਹ ਆ ਗਿਆ। ਘਰ ਵਿਚ ਚੰਗਾ ਮੇਲ ਆ ਜੁੜਿਆ। ਬਰਾਤ ਚਵਿੰਡਾ ਪਿੰਡ ਦੇ ਨੇੜੇ ਖੇਤੇ ਪਿੰਡ ਜਾਣੀ ਸੀ। ਸਾਰੇ ਸਿੰਘ ਬਰਾਤ ਵਿਚ ਚਲੇ ਗਏ। ਪਿਛੇ ਘਰ ਵਿਚ ਬੀਬੀ ਧਰਮ ਕੌਰ ਅਤੇ ਕੁਝ ਥੋੜੀਆਂ ਬਹੁਤ ਹੋਰ ਸਿੰਘਣੀਆਂ ਰਹਿ ਗਈਆਂ।

ਵੈਰੀ ਨੂੰ ਪਤਾ ਲਗ ਗਿਆ ਕਿ ਹੁਣ ਸਿੰਘਣੀਆਂ ਨੂੰ ਕਾਬੂ ਕਰਨ ਦਾ ਚੰਗਾ ਮੌਕਾ ਹੈ। ਇਹ ਵੈਰੀ



www.AKJ.Org

ਕੌਣ ਸੀ ? ਪਟੀ ਦਾ ਹਾਕਮ ਜਾਫਰ ਬੇਗ । ਪਿਛਲੇ ਸਾਲ ਹੀ ਇਸ ਨੇ ਭਾਈ ਤਾਰਾ ਸਿੰਘ ਜੀ 'ਵਾਂ' ਕੋਲੋਂ ਬੁਰੀ ਤਰ੍ਹਾਂ ਹਾਰ ਖਾਧੀ ਸੀ । ਹੁਣ ਆਪਣੀ ਉਸ ਹਾਰ ਦਾ ਬਦਲਾ ਸਿੰਘਣੀਆਂ ਕੋਲੋਂ ਲੈਣਾ ਚਾਹੁੰਦਾ ਸੀ । ਹਾਕਮ ਜ਼ਕਰੀਆ ਖਾਂ ਵਲੋਂ ਵੀ ਇਸ ਨੂੰ ਪੂਰੇ ਅਖ਼ਤਿਆਰ ਮਿਲੇ ਹੋਏ ਸਨ ਕਿ ਸਿੱਖਾਂ ਨੂੰ ਨੇਸਤੋ ਨਾਬੂਦ ਕਰਨਾ ਹੈ, ਜੋ ਮਰਜ਼ੀ ਹੈ, ਕਰ । ਉਹ ਇਕ ਫੌਜੀ ਦਸਤਾ ਲੈ ਕੇ ਚਵਿੰਡਾ ਪਿੰਡ ਵਲ ਚਲ ਪਿਆ । ਪਿੰਡ ਨੂੰ ਚਾਰੇ ਪਾਸਿਆਂ ਤੋਂ ਘੇਰ ਲਿਆ ਗਿਆ । ਬੀਬੀ ਧਰਮ ਕੌਰ ਆਦਿ ਸਿੰਘਣੀਆਂ ਨੂੰ ਪਤਾ ਲਗਾ ਕਿ ਇਕ ਫੌਜੀ ਦਸਤਾ ਉਨ੍ਹਾਂ ਨੂੰ ਫੜਨ ਲਈ ਆਇਆ ਹੈ । ਉਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀਆਂ ਬੀਰ ਸਪੁਤ੍ਰੀਆਂ ਸਨ, ਜ਼ਰਾ ਨਾ ਘਬਰਾਈਆਂ । ਹੱਥਾਂ ਵਿਚ ਨੰਗੀਆਂ ਤਲਵਾਰਾਂ ਲੈ ਕੇ ਮੈਦਾਨ ਵਿਚ ਨਿਕਲ ਆਈਆਂ । ਭਿਆਨਕ ਯੁਧ ਸ਼ੁਰੂ ਹੋ ਗਿਆ । ਸਨ ੧੭੨੭ ਈਸਵੀ ਸੀ ।

ਵਾਹ ਵਾਹ ! ਖਾਲਸਾ ਪੰਥ ਦੀਓ ਲਾਡਲੀਓ ਭੈਣੋ !! ਤੁਸਾਂ ਸਿੱਖੀ ਅਣਖ ਨੂੰ ਕਿਸ ਤਰ੍ਹਾਂ ਪਾਲਿਆ ? ਤੁਸਾਂ ਸਿਖੀ ਦੀ ਵਿਲੱਖਣ ਰਹਿਤ ਬਹਿਤ ਅਤੇ ਖੰਡੇ ਦੇ ਅੰਮ੍ਰਿਤ ਨੂੰ ਸਫਲ ਕੀਤਾ ਅਤੇ ਸਿਰੀਂ ਸਜਾਈਆਂ ਹੋਈਆਂ ਕੇਸਕੀਆਂ ਦੀ ਲਾਜ ਰਖ ਵਿਖਾਈ । ਜਿਨ੍ਹਾ ਚਿਰ ਤੁਹਾਡੇ ਜਿਸਮ ਵਿਚ ਖੂਨ ਦਾ ਇਕ ਵੀ ਕਤਰਾ ਬਾਕੀ ਰਿਹਾ, ਕਿਸੇ ਵੈਰੀ ਨੂੰ ਆਪਣੇ ਨੇੜੇ ਨਾ ਆਉਣ ਦਿੱਤਾ । ਮਨ ਗੁਰੂ ਮਹਾਰਾਜ ਜੀ ਦੇ ਚਰਨਾਂ ਨਾਲ ਜੁੜਿਆ ਹੋਇਆ ਹੈ । ਮੁੱਖ ਤੋਂ ਵਾਹਿਗੁਰੂ ਦਾ ਪਵਿੱਤਰ ਨਾਂ ਨਿਕਲਦਾ ਹੈ । ਹੱਥਾਂ ਵਿਚ ਤਲਵਾਰਾਂ ਹਨ । ਵੈਰੀ ਦਾ ਮੁਕਾਬਲਾ ਹੋ ਰਿਹਾ ਹੈ । ਦਸਮੇਸ਼ ਪਿਤਾ ਜੀ ਦੇ ਇਹ ਸ਼ਬਦ ਤੁਹਾਡੇ ਜੀਵਨ ਤੇ ਠੀਕ ਹੀ ਢੁਕਦੇ ਹਨ :—

ਧੰਨ ਜੀਓ ਤਿਹ ਕੋ ਜਗ ਮੈ, ਮੁਖ ਤੇ ਹਰਿ, ਚਿਤ ਮੈ ਜੁਧ ਬਿਚਾਰੈ ॥

ਪਾਤਸ਼ਾਹੀ ੧੦

ਤੁਹਾਡੇ ਜਿਸਮ ਜ਼ਖਮਾਂ ਨਾਲ ਛਲਣੀ ਹੋ ਗਏ ਹਨ । ਤੁਸੀਂ ਇਕ ਇਕ ਕਰਕੇ ਕਟ ਮਰੀਆਂ, ਪਰ ਸਿੱਖ ਧਰਮ ਨੂੰ ਕਿਸੇ ਨੇ ਲਾਜ ਨ ਲੁਆਈ । ਜ਼ੁਲਮੀ ਰਾਜ ਦੀਆਂ ਜੜ੍ਹਾਂ ਪੁਟਣ ਲਈ ਆਪਣੇ ਜੀਵਨ ਦੀਆਂ ਆਹੂਤੀਆਂ ਦੇ ਦਿੱਤੀਆਂ । ਤੁਸੀਂ ਜ਼ਿੰਦਾ ਸ਼ਹੀਦ ਹੋ । ਸਦਾ ਲਈ ਅਮਰ ਹੋ ਗਈਆਂ । ਖਾਲਸਾ ਪੰਥ ਤੁਹਾਡੀਆਂ ਕੁਰਬਾਨੀਆਂ ਸਦਾ ਯਾਦ ਰਖੇਗਾ ।

---

**ਪਾਠਕਾਂ ਪਾਸ ਬੇਨਤੀਆਂ :—** (੧) ਚਿਠੀ ਪੱਤਰ ਤੇ ਰਕਮ ਭੇਜਣ ਦੇ ਨਾਲ ਆਪਣਾ ਚਿਟ ਨੰਬਰ ਜ਼ਰੂਰ ਭੇਜੋ । ਹਰ ਮਹੀਨੇ ਤੁਹਾਡੇ ਐਡਰੇਸ ਤੋਂ ਪਹਿਲਾਂ ਪਰਚੇ ਉਪਰ ਤੁਹਾਡਾ ਚਿਟ ਨੰਬਰ ਲਿਖਿਆ ਹੁੰਦਾ ਹੈ ।

(੨) ਡਾਕਖਾਨੇ ਰਾਹੀਂ ਕਈ ਪਰਚੇ ਗੁੰਮ ਕਰ ਲਏ ਜਾਂਦੇ ਹਨ । ੧੫ ਤਰੀਕ ਤੱਕ ਪਰਚਾ ਨਾ ਪੁਜਣ ਦੀ ਹਾਲਤ ਵਿਚ ਸਾਨੂੰ ਕਾਰਡ ਲਿਖੋ, ਦੁਬਾਰਾ ਪਰਚਾ ਭੇਜ ਦਿਆਂਗੇ ।

(੩) ਚੰਦਾ ਮੁਕਣ ਦੀ ਮੋਹਰ ਪਰਚੇ ਉਪਰ ਵੇਖਣ ਸਾਰ ਹੀ ਰਕਮ ਭੇਜੋ ਜੀ, ਨਹੀਂ ਤਾਂ ਕਟ ਵਧ ਕਰਨੀ ਪੈਂਦੀ ਹੈ ।

(੪) ਰਿਸ਼ਤੇ-ਨਾਤਿਆਂ ਦੇ ਫਾਰਮ ਮੰਗਾਣ ਲਈ ਲਫਾਫਾ ਪੰਜਾਹ ਪੈਸੇ ਵਾਲਾ ਨਾਲ ਭੇਜੋ ਜੀ ।

---

## ਸੰਗਤਾਂ ਅਰਦਾਸ ਕਰਨ

ਭਾ: ਸਾ: ਭਾ: ਰਣਧੀਰ ਸਿੰਘ ਜੀ ਦੇ ਸੰਗੀ ਪੁਰਾਤਨ ਗੁਰਸਿਖ—ਜਥੇਦਾਰ **ਅਜਮੇਰ ਸਿੰਘ** ਜੀ ਪੂਹਲਾ ਕਾਫੀ ਸਮੇਂ ਤੋਂ ਬੀਮਾਰ ਹਨ । ਉਨ੍ਹਾਂ ਲਈ ਸੰਗਤਾਂ ਅਰਦਾਸ ਕਰਨ, ਗੁਰੂ ਪਾਤਸ਼ਾਹ ਉਨ੍ਹਾਂ ਨੂੰ ਚੜ੍ਹਦੀਆਂ ਕਲਾਂ ਬਖਸ਼ਣ ਤਾ ਜੁ ਰਹਿੰਦੇ ਸਵਾਸ ਗੁਰਸਿਖ ਸੰਗਤਾਂ ਦੀ ਚਰਨ ਧੂੜੀ ਵਿਚ ਰਹਿ ਕੇ ਸਫਲੇ ਕਰ ਸਕਣ ।



www.AKJ.Org

# ਹਿਮਾਚਲ ਸਰਕਾਰ ਦੀ ਸਿਖ-ਦੁਸ਼ਮਣੀ

ਭਾਈ ਹਰਮਹਿੰਦਰ ਸਿੰਘ ਸਕੱਤਰ ਸੰਗਤ ਇਲਾਕਾ ਬੰਗਾ ਨੇ ਖ਼ਬਰ ਦਿਤੀ ਹੈ ਕਿ ਸੰਗਤ ਇਲਾਕਾ ਬੰਗਾ ਅਤੇ ਸੰਗਤ ਚਕਦਾਨਾ ਜ਼ਿਲਾ ਜਲੰਧਰ ਗਡੀਆਂ ਲੈ ਕੇ ਗੁਰਦੁਆਰਾ ਰਵਾਲਸਰ ਮੰਡੀ ਸੁਕੇਤ ਦੀ ਯਾਤਰਾ ਲਈ ਗਈ ਅਤੇ ਹੋਰ ਵੀ ਕਈ ਸੰਗਤਾਂ ਗਈਆਂ ਸਨ, ਪਰ ਹਿਮਾਚਲ ਸਰਕਾਰ ਦੀ ਪਖਪਾਤੀ ਤੇ ਸਿਖ-ਦੁਸ਼ਮਣ-ਨੀਤੀ ਕਾਰਨ ਬਾਰਡਰ (ਚੈਕ ਪੋਸਟ) ਤੋਂ ਸਭਨਾਂ ਨੂੰ ਵਾਪਸ ਕਰ ਦਿਤਾ ਗਿਆ ਅਤੇ ਕਿਹਾ ਗਿਆ ਕਿ ਬਿਲਾਸਪੁਰ ਦੇ ਡੀ.ਸੀ. ਦੀ ਲਿਖਤੀ ਆਗਿਆ ਤੋਂ ਬਿਨਾਂ ਹਿਮਾਚਲ ਵਿਚ ਦਾਖ਼ਲ ਹੋਣ ਦੀ ਆਗਿਆ ਨਹੀਂ ਦਿਤੀ ਜਾ ਸਕਦੀ। ਇਹ ਧੱਕਾ ਤੇ ਅਜਿਹਾ ਵਿਤਕਰਾ ਕੇਵਲ ਸਿੱਖਾਂ ਨਾਲ ਕਿਉਂ, ਜਦ ਕਿ ਗ਼ੈਰਸਿਖ ਬਿਨਾ-ਰੋਕ ਟੋਕ ਅਤੇ ਬਗੈਰ ਕਿਸੇ ਪੁਛ-ਪੜਤਾਲ ਦੇ ਚੈਕ ਪੋਸਟ ਨੂੰ ਸੰਗਤਾਂ ਦੇ ਸਾਹਮਣੇ ਹੀ ਕਰਾਸ ਕਰ ਰਹੇ ਸਨ। ਇਸ ਅਖੌਤੀ ਅਜ਼ਾਦ ਭਾਰਤ ਦੇਸ ਵਿਚ ਥਾਂ ਥਾਂ ਤੇ ਸਿਖਾਂ ਨਾਲ ਵਿਤਕਰੇ, ਜ਼ੁਲਮ ਤੇ ਅਤਿਆਚਾਰ ਹੋ ਰਹੇ ਹਨ। ਉਪਰੋਕਤ ਤਾਜ਼ੀ ਘਟਨਾ ਸਾਬਤ ਕਰਦੀ ਹੈ ਕਿ ਸਿਖ ਭਾਰਤ ਵਿਚ ਅਜ਼ਾਦ ਨਹੀਂ ਹਨ ਆਪਣੀ ਮਰਜ਼ੀ ਨਾਲ ਭਾਰਤ ਵਿਚ ਵੀ ਅਜ਼ਾਦੀ ਨਾਲ ਫਿਰ ਤੁਰ ਨਹੀਂ ਸਕਦੇ। ਸਿੱਧੀ ਗੱਲ ਤਾਂ ਇਹ ਹੈ ਕਿ ਸਿਖਾਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਸਮਝਿਆ ਜਾ ਰਿਹਾ ਹੈ। ਸਿਖ ਦੀ ਹੋਂਦ ਭਾਰਤੀ ਫਿਰਕਾਪ੍ਰਸਤ ਹਿੰਦੂ ਬਹੁ-ਸੰਮਤੀ ਸਰਕਾਰ ਨੂੰ ਰੜਕਦੀ ਹੈ। ਇਸ ਲਈ ਸਿਖ ਕੌਮ ਨੂੰ ਸੋਚਣ ਦੀ ਲੋੜ ਹੈ ਕਿ ਉਸ ਨੇ ਇਸ ਤੰਗ-ਦਿਲ ਮਹੌਲ ਵਿਚ ਕਿਵੇਂ ਜ਼ਿੰਦਾ ਰਹਿਣਾ ਹੈ।

---

# ਪਰਮਾਤਮਾ ਦਾ ਧਰਮ ਪਰਚਾਰਨ ਲਈ

ਦੁਨੀਆ ਦੇ ਮਜ਼ਹਬ ਆਪੋ ਆਪਣੇ ਅਸਰ-ਰਸੂਖ਼ ਵਧਾਣ ਲਈ ਨਿਤ ਨਵੇਂ ਤੋਂ ਨਵੇਂ ਚੰਗੇ ਤਰੀਕੇ ਢੂੰਡਦੇ ਹਨ, ਪਰ ਪਰਮਾਤਮਾ ਆਪਣੇ ਧਰਮ ਨੂੰ ਵਧਾਣ ਲਈ ਚੰਗੇ ਮਨੁਖ ਢੂੰਡਦਾ ਹੈ। ਜਗਤ ਵਿਚ ਜਦੋਂ ਕਦੇ ਵੀ ਕੋਈ ਕਰਤਾਰ ਦਾ ਸਨੇਹਾ ਲੈ ਕੇ ਆਇਆ ਹੈ, ਉਚੇ ਤੇ ਸੁਚੇ ਜੀਵਨ ਵਾਲਾ ਹੀ ਆਇਆ ਹੈ। ਹੁਣ ਤਕ ਦੇ ਭਗਤ ਜਨਾਂ ਦੀਆਂ ਸਾਖੀਆਂ ਵਿਚ ਜਦੋਂ ਅਸੀਂ ਇਹ ਵੇਖਦੇ ਹਾਂ ਕਿ ਪਰਮਾਤਮਾ ਸਮੇਂ ਸਮੇਂ ਆਪਣੇ ਪਿਆਰਿਆਂ ਦੀ ਪੈਜ ਰਖਦਾ ਆਇਆ ਹੈ ਤਾਂ ਅਸੀਂ ਇਹ ਅੰਦਾਜ਼ਾ ਲਾਣੋਂ ਨਹੀਂ ਰਹਿ ਸਕਦੇ ਕਿ ਪਰਮਾਤਮਾ ਨੂੰ ਆਪਣੇ ਧਰਮ ਦੇ ਪਰਚਾਰਨ ਲਈ ਪੂਰਨ ਪੁਰਖਾਂ ਦੀ ਲੋੜ ਹੈ। ਉਹ ਜਾਣਦਾ ਹੈ ਕਿ ਜਗਤ ਵਿਚ ਉਸ ਦਾ ਸਨੇਹਾ ਸਫਲਤਾ ਨਾਲ ਅਪੜਾਣ ਲਈ ਸੁਚੇ ਜੀਵਨ ਵਾਲੇ ਮਹਾਂ ਪੁਰਖਾਂ ਦਾ ਹੋਣਾ ਅੱਤ ਜ਼ਰੂਰੀ ਹੈ।

[ਪ੍ਰੋ: ਸਾਹਿਬ ਸਿੰਘ ਜੀ: ਜਗਦੇ ਦੀਵੇ ਤੋਂ ਦੀਵਾ

---

# ਭਾ: ਸਾ: ਭਾ: ਰਣਧੀਰ ਸਿੰਘ ਸਕਾਲਰਸ਼ਿਪ ਦਾ ਟੈਸਟ

ਦਿਲੀ ਵਿਖੇ ਸਾਲਾਨਾ ਕੀਰਤਨ ਸਮਾਗਮ ਸਮੇਂ ੧੪ ਅਕਤੂਬਰ (ਸ਼ੁਕਰਵਾਰ) ਤਿੰਨ ਵਜੇ ਦੁਪਹਿਰ ਗੁਰੂ ਤੇਗ ਬਹਾਦਰ ਖਾਲਸਾ ਹਾ: ਸੈ: ਸਕੂਲ ਦੇ ਗੁਰਦੁਆਰਾ ਸਾਹਿਬ (ਤੀਜੀ ਮੰਜ਼ਲ) ਵਿਖੇ ਟੈਸਟ ਹੋਵੇਗਾ। ਜਿਨ੍ਹਾਂ ਵਿਦਿਆਰਥੀਆਂ ਨੂੰ ਦਿਲੀ ਤੋਂ ਇਸ ਸੰਬੰਧੀ ਚਿਠੀਆਂ ਗਈਆਂ ਹਨ, ਉਹ ਲੋੜੀਂਦੇ ਸਰਟੀਫੀਕੇਟ ਨਾਲ ਲੈ ਕੇ ਸਮੇਂ ਸਿਰ ਟੈਸਟ ਦੇਣ ਲਈ ਪੁਜਣ।



www.AKJ.Org

# 'ਸੂਰਾ' ਮਾਸਕ ਪਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ ੨੧ ਸਜਣਾਂ ਵਿਚੋਂ ਸ: ਅਮਰਜੀਤ ਸਿੰਘ ਰੇਖੀ ਯੂ. ਐਸ.ਏ. ੬੧੬੪/੨੨੪੭ ਵਲੋਂ ਸਾਢੇ ਸੱਤ ਸੋ ਅਤੇ ਬਾਕੀ ਸਾਰਿਆਂ ਵਲੋਂ ਡੇਢ ਡੇਢ ਸੌ ਰੁਪਏ ਪੁਜੇ ਹਨ। ਸਭ ਦੀ ਸਾਂਝੀ ਐਫ. ਡੀ. ਬੈਂਕ ਵਿਚੋਂ ਬਣਵਾਈ ਗਈ ਦਾ ਨੰਬਰ ਇਸ ਤਰ੍ਹਾਂ ਹੈ : ੪੮੬੨੪੬/੫੪੬/੮੩ ਮਿਤੀ ੨੨-੯-੮੩, ਰਕਮ ੩੭੫੦/- ਰੁਪਏ। ਸ: ਰਾਜਿੰਦਰਪਾਲ ਸਿੰਘ ੬੧੫੮, ਸ: ਪ੍ਰਮਜੀਤ ਸਿੰਘ ੬੧੫੯, ਸ: ਐਚ.ਐਸ. ਕੰਬੋਜ ੬੧੬੦, ਸ: ਸੁਜੀਤ ਸਿੰਘ ੬੧੬੧, ਸ: ਜਸਬੀਰ ਸਿੰਘ ਬਿਕਰਮਜੀਤ ਸਿੰਘ ੬੧੬੨, ਸ: ਟੀ. ਐਸ. ਸਹੋਤਾ ੬੧੬੩, ਸ: ਅਮਰਜੀਤ ਸਿੰਘ ਰੇਖੀ ਯੂ. ਐਸ. ਏ. ੬੧੬੪/੨੨੪੭, ਸ: ਮਹਿੰਦਰ ਸਿੰਘ ੬੧੬੫, ਸ:ਲਾਭ ਸਿੰਘ ਭਾਟੀਆ ੬੧੬੬, ਸ: ਦਸੌਂਧਾ ਸਿੰਘ ੬੧੬੭,ਪ੍ਰਧਾਨ ਗੁਰਦਵਾਰਾ ਸਕੂਲ ਆਫ ਆਰਟਿਲਰੀ ਦੇਵਲਾਲ ੬੧੬੮, ਸ:ਮਲਕੀਤ ਸਿੰਘ ਐਸ.ਡੀ.ਓ. ੬੧੬੯, ਸ: ਇੰਦਰਜੀਤ ਸਿੰਘ ਨਰੂਲਾ ੬੧੭੦, ਭਾ: ਸੰਤੋਖ ਸਿੰਘ ਕਲਕਤਾ ੬੧੭੧-੬੧੭੨, ਬੀਬੀ ਪ੍ਰਮਜੀਤ ਕੌਰ ੬੧੭੩, ਸ: ਨਾਰੰਗ ਸਿੰਘ ੬੧੭੪, ਸ: ਅਮਰ ਸਿੰਘ ਮਨੋਹਰ ਸਿੰਘ ੬੧੭੫-੬੧੭੬, ਸ: ਸੇਵਾ ਸਿੰਘ ਆਸੀ ੬੧੭੭, ਸ: ਗੁਰਚਰਨ ਸਿੰਘ ਆਜੀਮਲ ੬੧੭੮.

# 'ਸੂਰਾ' ਦੇ ਪੁਰਾਣੇ ਅਮਾਨਤੀ ਲਾਈਫ ਮੈਂਬਰ

ਇਨ੍ਹਾਂ ੨੫ ਪਾਠਕਾਂ ਵਲੋਂ ਪੰਜਾਹ ਪੰਜਾਹ ਰੁਪਏ ਪੁਜੇ ਹਨ। ਸਭ ਦੀ ਸਾਂਝੀ ਐਫ.ਡੀ. ਦਾ ਨੰਬਰ ਇਸ ਤਰ੍ਹਾਂ ਹੈ :– ੪੮੬੨੪੭/੫੪੭/੮੩ ਮਿਤੀ ੨੨-੯-੮੩ ਰਕਮ ੧੨੫੦/- ਰੁਪਏ :–ਬੀਬੀ ਭੁਪਿੰਦਰ ਕੌਰ ੩੦੮੯, ਸ: ਰਘਬੀਰ ਸਿੰਘ ਅਮਰ ਕੌਰ ੩੧੩੪, ਸ: ਹਰਮਹਿੰਦਰ ਸਿੰਘ ੩੧੬੯, ਸ: ਆਤਮਾ ਸਿੰਘ ੩੧੭੩, ਸ: ਖਜ਼ਾਨ ਸਿੰਘ ੩੧੭੮, ਸ: ਸਰਦੂਲ ਸਿੰਘ ਬੀਬੀ ਕਵਲਜੀਤ ਕੌਰ ੩੨੩੨, ਸ: ਇੰਦਰਜੀਤ ਸਿੰਘ ੩੨੩੩, ਸ: ਵਰਿਆਮ ਸਿੰਘ ਟਰਨਰ ੩੨੪੧, ਭਾ: ਤਰਲੋਕ ਸਿੰਘ ੩੨੫੦, ਸ: ਅੰਜਮੇਰ ਸਿੰਘ ੩੨੭੪, ਸ: ਅਬਨਾਸ਼ੀ ਸਿੰਘ ੩੨੯੩, ਸੂਬੇਦਾਰ ਮਲਕੀਤ ਸਿੰਘ ੩੩੪੧, ਸ: ਲਖਬੀਰ ਸਿੰਘ ਵੜੈਚ ੩੩੪੬, ਸ: ਲਖਮੀਰ ਸਿੰਘ ਛਾਬੜਾ ੩੩੬੦, ਸ: ਇਕਬਾਲ ਸਿੰਘ ਸਾਰਾ ਕੈਨੇਡਾ ੩੩੭੩/੨੩੩੧, ਸ: ਹਰਭਜਨ ਸਿੰਘ ੩੪੪੦, ਗੁਰਦਵਾਰਾ ਸ੍ਰੀ ਚਰਨ ਕਮਲ ਨਰੈਣਾ ੩੪੬੯, ਪ੍ਰਧਾਨ ਗੁਰਦਵਾਰਾ AF ਹਿੰਡਨ ੩੪੯੨, ਸ: ਅਮਰ ਸਿੰਘ ਭਾਟੀਆ ੩੫੫੪, ਸ: ਰੰਜੀਤ ਸਿੰਘ ਸੰਧੂ ੩੫੮੬, ਸ: ਬਲਵੰਤ ਸਿੰਘ ੩੬੩੨, ਸ: ਗੁਰਵਿੰਦਰਪਾਲ ਸਿੰਘ ੩੬੩੫, ਗਿਆਨੀ ਗੁਰਚਰਨ ਸਿੰਘ ੩੬੬੯, ਸ: ਹਰਦੀਪ ਸਿੰਘ ੩੭੩੩, ਕਾਕਾ ਪ੍ਰਵਿੰਦਰ ਸਿੰਘ ੩੮੫੬.

---

## ਲੜੀਦਾਰ ਸਰੂਪ ਦੇ ਚਾਹਵਾਨਾਂ ਲਈ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਜੋ ਬਹੁਤ ਅਛੀ ਹਾਲਤ ਵਿਚ ਹੁੰਦੇ ਹਨ, ਆਮ ਲੋਕੀ ਘਰਾਂ ਤੇ ਗੁਰਦੁਆਰਿਆਂ ਚੋਂ ਸ੍ਰੀ ਅਕਾਲ ਤਖਤ ਸਾਹਿਬ ਭੇਜ ਰਹੇ ਹਨ। ਅਜਿਹੇ ਕੁਝ ਲੜੀਦਾਰ ਸਰੂਪ ਇਕੱਤਰ ਕੀਤੇ ਗਏ ਹਨ। ਚਾਹਵਾਨ ਗੁਰਸਿਖ ਇਨ੍ਹਾਂ ਦੀ ਪ੍ਰਾਪਤੀ ਲਈ 'ਸੂਰਾ' ਮਾਸਕ ਪੱਤਰ ਰਾਹੀਂ ਚਿਠੀ ਪਤਰ ਕਰਨ।

---

## ਪਿੰਡ ਖੋਖਰਾਂ ਵਿਖੇ ਮਾਸਕ ਰੈਣ ਸਬਾਈ ਕੀਰਤਨ

ਮਾ: ਸਤਵੰਤ ਸਿੰਘ ਸੂਚਨਾ ਦਿੰਦੇ ਹਨ ਕਿ ਸ: ਰਾਜਬੀਰ ਸਿੰਘ ਗੋਲਡੀ ਫਾਰਮ ਦੇ ਗ੍ਰਹਿ ਪਿੰਡ ਖੋਖਰਾਂ (ਮਾਛੀਵਾੜਾ-ਕੋਹਾੜਾ ਰੋਡ ਉਤੇ, ਭਮਾਂ ਪਿੰਡ ਲਾਗੇ) ੨੨ ਅਕਤੂਬਰ ਰਾਤ ਰੈਣ ਸਬਾਈ ਕੀਰਤਨ ਹੋ ਰਹੇ ਹਨ।



www.AKJ.Org

# ਸੂਰਾ ਮਾਸਕ ਪੱਤਰ ਨੂੰ ਅਗਸਤ ਤੇ ਸਤੰਬਰ ਵਿਚ ਪੁਜੀ ਸਹਾਇਤਾ

| | | |
|---|---|---|
| ਬੀਬੀ ਕੁਲਵੰਤ ਕੌਰ ਨਿਰਵਾਣਾ | ਸੂਰਾ ਦੀ ਚੜ੍ਹਦੀ ਕਲਾ ਲਈ | ੧੧-੦੦ |
| ਸ: ਕੁਲਵਿੰਦਰ ਸਿੰਘ ਵਾਰਲੇ ਯੂ.ਕੇ. | ,, ,, ,, | ੧੪੪-੫੦ |
| ਸ: ਸੁਰਜੀਤ ਸਿੰਘ ਪੁਰੀ ਫਿਰੋਜ਼ਪੁਰ | ,, ,, ,, | ੧੧-੦੦ |
| ਸ: ਜਗਤਾਰ ਸਿੰਘ ਨਵੀਂ ਦਿੱਲੀ | ,, ,, ,, | ੧੧-੦੦ |
| ਸ: ਜੋਰਾ ਸਿੰਘ ਗਿਲ ਜਗਰਾਓਂ | ,, ,, ,, | ੧੦੦-੦੦ |
| ਬੀਬੀ ਜਸਬੀਰ ਕੌਰ ਡਗਿਆਣਾ ਜੰਮੂ | ,, ,, ,, | ੨੧-੦੦ |
| ਸ: ਸੁਰਜੀਤ ਸਿੰਘ ਗਲਗਾਉਂ | ਭੁਜੰਗੀ ਦੇ ਜਨਮ ਦੀ ਖੁਸ਼ੀ ਵਿਚ ਪਾਠ ਚੜ੍ਹਾਵਾ | ੫੧-੦੦ |
| ਸ: ਤਾਰਾ ਸਿੰਘ ਖੇੜਾ ਡੰਨਾ | ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਅਵਤਾਰ ਪੁਰਬ ਸਮੇਂ | ੨੧-੦੦ |
| ਸ: ਅਮਰ ਸਿੰਘ ਭਾਟੀਆ ਨਵੀਂ ਦਿਲੀ | ਸੂਰਾ ਦੀ ਚੜ੍ਹਦੀ ਕਲਾ ਲਈ | ੧੦-੦੦ |
| ਬੀਬੀ ਸੁਖਦੇਵ ਕੌਰ ਤਖਾਣ ਵੱਢ | ਬੱਚੇ ਦੇ ਜਨਮ ਦੀ ਖੁਸ਼ੀ ਵਿਚ | ੫-੦੦ |
| ਸ: ਰਣਧੀਰ ਸਿੰਘ ਧਨੌਲਾ | ਸੂਰਾ ਦੀ ਚੜ੍ਹਦੀ ਕਲਾ ਲਈ | ੧੫-੦੦ |
| ਸ: ਹਰਬੰਸ ਸਿੰਘ ਚਾਵਲਾ ਨਵੀਂ ਦਿਲੀ | ,, ,, ,, | ੧੦੧-੦੦ |
| ਸ: ਗੁਰਨਾਮ ਸਿੰਘ ਰੈਡਿੰਗ ਯੂ.ਕੇ. | ,, ,, ,, | ੮੨-੮੦ |
| ਭਾ: ਸੰਤੋਖ ਸਿੰਘ ਕਲੱਕਤਾ | ਸੁਪਤਨੀ ਦੀ ਯਾਦ ਵਿਚ | ੧੫੧-੦੦ |
| ਸ: ਦਰਸ਼ਨ ਸਿੰਘ ਅਕਬਰਪੁਰ | ਮਾਤਾ ਜੀ ਦੇ ਅੰਤਮ ਭੋਗ ਸਮੇਂ | ੨੦-੦੦ |
| ਸ: ਗੁਰਬਖਸ਼ ਸਿੰਘ ਮਿਵੀਆ ਗੰਰੇਵਜ਼ੈਂਡ ਯੂ.ਕੇ. | ਸੂਰਾ ਦੀ ਚੜ੍ਹਦੀ ਕਲਾ ਲਈ | ੩੧-੦੦ |
| ਸ: ਅਜੀਤ ਸਿੰਘ ਡਰਬੀ | ,, ,, ,, | ੩੦-੨੦ |
| ਸ: ਇਕਬਾਲ ਸਿੰਘ ਸਾਰਾ ਵੈਨਕੋਵਰ | ,, ,, ,, | ੧੦-੦੦ |
| ਸ: ਅਜੀਤ ਸਿੰਘ ਕੈਰੋਂ | ,, ,, ,, | ੧੦-੦੦ |
| ਡਾ: ਜਸਬੀਰ ਸਿੰਘ ਫਗਵਾੜਾ | ਭੁਜੰਗੀ ਦੇ ਜਨਮ ਦੀ ਖੁਸ਼ੀ ਵਿਚ | ੨੧-੦੦ |
| ਸ: ਹਰਜੀਤ ਸਿੰਘ ਫਿਰੋਜ਼ਪੁਰ ਸਿਟੀ | ਸੂਰਾ ਦੀ ਚੜ੍ਹਦੀ ਕਲਾ ਲਈ | ੧੦੧-੦੦ |
| ਸ: ਗੁਰਮੁਖ ਸਿੰਘ ਕਾਨਪੁਰ | ਬੱਚੀ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ | ੨੧-੦੦ |
| ਸ: ਗੁਰਿੰਦਰ ਸਿੰਘ ਕਾਈਮੋਰ | ਸੂਰਾ ਦੀ ਚੜ੍ਹਦੀ ਕਲਾ ਲਈ | ੫੧-੦੦ |

**ਰਿਸ਼ਤੇ ਨਾਤੇ**—(੧) ਚਿਠੀ ਇਸ ਪਤੇ ਤੇ ਲਿਖੋ : ਫਾਰਮ ਨੰਬਰ . C/o ਸੂਰਾ,ਮਾਈ ਸੇਵਾਂ, ਅੰਮ੍ਰਿਤਸਰ। (੨) ਕੇਵਲ ਅੰਮ੍ਰਿਤਧਾਰੀ ਤੇ ਸਾਕਾਹਾਰੀ ਬੱਚਿਆਂ ਲਈ ਹੀ ਚਿਠੀ ਪਤਰ ਲਿਖੋ। (੩) ਰਿਸ਼ਤੇ ਨਾਤੇ ਦੇ ਫਾਰਮ ਸੂਰਾ ਮਾਸਕ ਪਤਰ ਅੰਮ੍ਰਿਤਸਰ ਤੋਂ ਵਾਪਸੀ ਲਈ ਲਫ਼ਾਫ਼ਾ ਭੇਜ ਕੇ ਮੁਫ਼ਤ ਮੰਗਵਾਓ।

ਫਾਰਮ ਨੰ: ੨੦੧—ਇਕ ੨੫ ਸਾਲਾ ਸਿੰਘ ਕੱਦ ੫'-੨'', ਬੀ.ਏ. ਪਾਸ, ਬਿਜਲੀ ਦੀ ਦੁਕਾਨ ਤੇ ਪਿਤਾ ਨਾਲ ਕੰਮ ਕਰਦਾ, ਲਈ ਯੋਗ ਰਿਸ਼ਤੇ ਦੀ ਜ਼ਰੂਰਤ ਹੈ।

ਫ਼ਾਰਮ ਨੰ: ੨੦੨—ਇਕ ੪੦ ਸਾਲਾ ਅੰਮ੍ਰਿਤਧਾਰੀ ਨਿਤਨੇਮੀ ਦੁਹਾਜੂ ਸਿੰਘ। ਪਹਿਲੀ ਸਿੰਘਣੀ ਚੜ੍ਹਾਈ ਕਰ ਚੁਕੀ ਹੈ। ਕੱਦ ੫'-੬'', ਸਰਕਾਰੀ ਪੱਕੀ ਨੌਕਰੀ. ਵਟੈਨਰੀ ਫਾਰਮਿਸਿਸਟ, ਤਨਖਾਹ ੧੧੨੦/- ਰੁਪਏ, ਚਾਰ ਬੱਚੇ ਲਈ ਘਰ ਦੀ ਸੰਭਾਲ ਕਰਨ ਵਾਲੀ ਯੋਗ ਬੀਬੀ ਦੀ ਲੋੜ ਹੈ। ਕੰਵਾਰੀ ਜਾਂ ਦੁਹਾਜੂ ਉਮਰ ੩੦-੩੫ ਸਾਲ ਹੋਵੇ।

ਫਾਰਮ ਨੰ: ੨੦੩—ਇਕ ਸਾਢੇ ੨੯ ਸਾਲਾ ਸਿੰਘ ਕਦ ੫'-੧੦'' ਐਮ.ਏ. ਇੰਗਲਿਸ਼, ਬਿਲਡਿੰਗ ਠੇਕੇਦਾਰੀ ਕੰਮ, ਮਾਸਕ ਆਮਦਨ ੧੨੦੦ ਰੁਪਏ, ਲਈ ਯੋਗ ਰਿਸ਼ਤੇ ਦੀ ਲੋੜ ਹੈ।

ਫਾਰਮ ਨੰ: ੨੦੪—ਇਕ ੨੫ ਸਾਲਾ ਅੰਮ੍ਰਿਤਧਾਰੀ ਨਿਤਨੇਮੀ ਬੀਬੀ, ਕੱਦ ੫'-੨'', ਦਸਵੀਂ ਪਾਸ, ਸਲਾਈ ਦਾ ਕੋਰਸ ਪਾਸ, ਲਈ ਯੋਗ ਵਰ ਦੀ ਲੋੜ ਹੈ।

ਫ਼ਾਰਮ ਨੰ: ੨੦੫—ਇਕ ਸਾਢੇ ੨੫ ਸਾਲਾ ਬੀ.ਏ. ਪਾਸ ਨਿਤਨੇਮੀ ਸਿੰਘ, ਕੱਦ ੫'-੧੦'' ਬਿਜਲੀ ਬੋਰਡ ਵਿਚ ਕਲਰਕ, ਤਨਖਾਹ ੭੨੫/- ਰੁਪਏ, ਲਈ ਯੋਗ ਰਿਸ਼ਤੇ ਦੀ ਲੋੜ ਹੈ।



www.AKJ.Org

## ਹੁਸ਼ਿਆਰਪੁਰ ਵਿਖੇ ਰੈਣ ਸਬਾਈ ਕੀਰਤਨ

ਭਾਈ ਹਰਮਿੰਦਰ ਸਿੰਘ ਜੀ ਸੂਚਨਾ ਦਿੰਦੇ ਹਨ ਕਿ ਸ਼ਹੀਦ ਭਾਈ ਫੌਜਾ ਸਿੰਘ ਜੀ ਦੇ ਧਰਮ ਮਾਤਾ ਦੀ ਯਾਦ ਵਿਚ ਕਲਗੀਧਰ ਚਰਨ ਪਾਵਨ, ਮਾਡਲ ਟਾਊਨ ਹੁਸ਼ਿਆਰਪੁਰ ਵਿਖੇ ੨੯ ਅਕਤੂਬਰ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਰਹੇ ਹਨ । ਆਇ ਦੀਦਾਰ ਬਖਸ਼ੋ ਜੀ ।

## ਪਿੰਡ ਝਾਡੇ (ਲੁਧਿਆਣਾ) ਵਿਖੇ ਸ੍ਰੀ ਅਖੰਡਪਾਠ ਸਮਾਗਮ

ਦਾਸ ਦੇ ਗ੍ਰਿਹ ਪਿੰਡ ਝਾਂਡੇ ਵਿਖੇ ੨੩ ਅਕਤੂਬਰ ਐਤਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ । ਉਪਰੰਤ ਦੁਪਹਿਰ ਤਕ ਅਖੰਡ ਕੀਰਤਨ ਹੋਣਗੇ । ਆਇ ਜੁੜੋ ਤੇ ਦੀਦਾਰ ਬਖਸ਼ੋ ਜੀ ।

ਦਾਸ—ਅਮਰ ਸਿੰਘ, ਪਿੰਡ ਝਾਂਡੇ, ਡਾਕਖਾਨਾ ਬਦੋਵਾਲ, ਜ਼ਿਲਾ ਲੁਧਿਆਣਾ

## ਬਾਗੜੀਆਂ (ਤਰਨ ਤਾਰਨ) ਵਿਖੇ ਸ੍ਰੀ ਅਖੰਡਪਾਠ ਸਮਾਗਮ

ਭਾਈ ਸਮੁੰਦ ਸਿੰਘ ਜੀ ਬਾਗੜੀਆਂ ਬਿਨੈ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਿਹ ਵਿਖੇ ੯ ਅਕਤੂਬਰ ਐਤਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ । ਉਪਰੰਤ ੧੨ ਵਜੇ ਤਕ ਕੀਰਤਨ ਹੋਣਗੇ । ਆਇ ਦੀਦਾਰ ਬਖਸ਼ੋ ਜੀ । ਜੰਡਿਆਲਾ-ਤਰਨ ਤਾਰਨ ਰੋਡ ਤੇ ਕੱਦ ਪਿੰਡ ਤੋਂ ਇਕ ਮੀਲ ਤੇ ਬਾਗੜੀਆਂ ਹੈ ਅਤੇ ਇਥੋਂ ਲਈ ਤਰਨ ਤਾਰਨ ਤੋਂ ਬਸਾਂ ਤੇ ਟਾਂਗੇ ਆਮ ਮਿਲ ਜਾਂਦੇ ਹਨ ।

## ਪਿੰਡ ਰਾਮਪੁਰ (ਹੁਸ਼ਿਆਰਪੁਰ) ਵਿਖੇ ਰੈਣ ਸਬਾਈ ਕੀਰਤਨ

ਭਾਈ ਮਹਿੰਦਰ ਸਿੰਘ ਨਿਹੰਗ ਸਿੰਘ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਿਹ ਵਿਖੇ ੨੨ ਅਕਤੂਬਰ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਜੁੜੋ ਜੀ । ਜਲੰਧਰ-ਪਠਾਨਕੋਟ ਰੋਡ ਤੇ ਟਾਂਡੇ ਨੇੜੇ ਪਿੰਡ ਰਾਮਪੁਰ ਹੈ । ਬੱਸ ਅੱਡਾ ਤੇ ਰੇਲਵੇ ਸਟੇਸ਼ਨ ਚੌਲਾਂਗ ਤੋਂ ਇਕ ਕਿਲੋਮੀਟਰ ਹੈ ।

## ਪਿੰਡ ਮੁੰਡੀ ਖਰੜ (ਚੰਡੀਗੜ੍ਹ) ਵਿਖੇ ਰੈਣ ਸਬਾਈ ਕੀਰਤਨ

ਭਾਈ ਗੁਰਚਰਨ ਸਿੰਘ ਜੀ ਸੂਚਨਾ ਦਿੰਦੇ ਹਨ ਕਿ ੧੯੭੮ ਤੋਂ ਅਜ ਤਕ ਦੇ ਸ਼ਹੀਦਾਂ ਦੀ ਯਾਦ ਵਿਚ ਸ੍ਰੀ ਗੁਰ ਸਿੰਘ ਸਭਾ ਮੁੰਡੀ ਖਰੜ ਵਿਖੇ ੮ ਅਕਤੂਬਰ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ । ਆਇ ਦੀਦਾਰ ਬਖਸ਼ੋ ਜੀ । ਇਹ ਪਿੰਡ ਖਰੜ ਤੋਂ ਪੌਣਾ ਕਿਲੋਮੀਟਰ ਹੈ ਖਰੜ ਤੋਂ ਚੰਡੀਗੜ੍ਹ ਲਈ ਲੋਕਲ ਬਸ ਨੰ: ੩੫ ਮਿਲਦੀ ਰਹਿੰਦੀ ਹੈ ।

## ਪਿੰਡ ਟਾਹਲੀ (ਦਸੂਹਾ–ਹੁਸ਼ਿਆਰਪੁਰ) ਵਿਖੇ ਰੈਣ ਸਬਾਈ ਕੀਰਤਨ

ਦਾਸ ਦੇ ਗ੍ਰਿਹ ਵਿਖੇ ੨੨ ਅਕਤੂਬਰ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ । ਬੇਗੋਵਾਲ ਤੋਂ ਪਿੰਡ ਟਾਹਲੀ ੨ ਕਿਲੋਮੀਟਰ ਹੈ ਅਤੇ ਸ਼ਾਮ ਨੂੰ ਬੇਗੋਵਾਲ ਤੋਂ ਟਰਾਲੀ ਚਲੇਗੀ ।

ਦਾਸ—ਗੁਲਜ਼ਾਰ ਸਿੰਘ ਖਾਲਸਾ ਸਪੁਤਰ ਸ: ਜਸਵੰਤ ਸਿੰਘ, ਟਾਹਲੀ ਤਸੀਲ ਦਸੂਹਾ

## ਰਾਜਪੁਰਾ ਵਿਖੇ ਰੈਣ ਸਬਾਈ ਕੀਰਤਨ

ਦਾਸ ਦੇ ਗ੍ਰਿਹ ਵਿਖੇ ੮ ਅਕਤੂਬਰ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ । ਆਇ ਦੀਦਾਰ ਬਖਸ਼ੋ ਜੀ । ਦਾਸਾਂ ਦਾ ਗ੍ਰਿਹ ਚੰਡੀਗੜ੍ਹ ਪਟਿਆਲਾ ਰੋਡ ਤੇ, ਘਿਓ ਫੈਕਟਰੀ ਦੇ ਨਾਲ. ਸਟੈਪਨ ਫੈਕਟਰੀ ਦੇ ਸਾਹਮਣੇ ਦੇਵ ਨਗਰ ਫੋਕਲ ਪੁਆਇੰਟ ਵਿਖੇ ਹੈ ।

ਦਾਸ—ਕੈਪਟਨ ਗੁਰਭੇਜ ਸਿੰਘ, ਸਕਿਉਰਟੀ ਅਫਸਰ, ਸਟੈਪਨ ਕੈਮੀਕਲ ਲਿਮਟਿਡ, ਰਾਜਪੁਰਾ

## ਮਾਲੂਵਾਲ ਸੰਤਾਂ ਵਿਖੇ ਸ੍ਰੀ ਅਖੰਡਪਾਠ ਤੇ ਰੈਣ ਸਬਾਈ ਕੀਰਤਨ

ਹਕੀਮ ਹਰਿਭਜਨ ਸਿੰਘ 'ਸ਼ਰਨ' ਬਿਨੈ ਕਰਦੇ ਹਨ ਕਿ ਬਾਬਾ ਸਾਹਿਬ ਦਿਤਾ ਜੀ ਦੇ ਗੁਰਦੁਆਰੇ ਮਾਲੂਵਾਲ ਸੰਤਾਂ ਵਿਖੇ ੨੯ ਅਕਤੂਬਰ ਸ਼ਨੀਵਾਰ ਨੂੰ ਅੰਮ੍ਰਿਤ ਵੇਲੇ ਸ੍ਰੀ ਅਖੰਡਪਾਠ ਦੇ ਭੋਗ ਤੋਂ ਉਪਰੰਤ ਕੀਰਤਨ ਹੋਣਗੇ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ । ਆਇ ਦੀਦਾਰ ਬਖਸ਼ੋ ਜੀ । ਅੰਮ੍ਰਿਤਸਰ-ਭਿਖੀਵਿੰਡ ਰੋਡ ਤੇ ਝਬਾਲ ਤੋਂ ਅਗੇ ਗਗੋਬੂਹਾ ਬਸ ਅੱਡੇ ਤੋਂ ਪਿੰਡ ਮਾਲੂਵਾਲ ਸੰਤਾਂ ਇਕ ਮੀਲ ਹੈ । ਤਰਨ ਤਾਰਨ ਤੋਂ ਜੀਉ ਬਾਲਾ ਭੁਚਰ ਵਾਲੀ ਬਸ ਮਾਲੂਵਾਲ ਤੋਂ ਹੋ ਕੇ ਜਾਂਦੀ ਹੈ ।

## ਗੁਰਦੁਆਰਾ ਪਿੰਡ ਜ਼ਰਾ ਕੋਠੀ (ਪੀਲੀਭੀਤ) ਵਿਖੇ ਰੈਣ ਸਬਾਈ ਕੀਰਤਨ

(ਨੌਜਵਾਨ) ਅਖੰਡ ਕੀਰਤਨੀ ਜਥਾ ਬਰੇਲੀ ਵਲੋਂ ਭਾ: ਸੂਰਤ ਸਿੰਘ ਪੂਰਨ ਜੀ ਦੇ ਕੀਰਤਨੀ ਬਚਿਆਂ ਦੀ ਯਾਦ ਵਿਚ ੮ ਅਕਤੂਬਰ ਸ਼ਨੀਵਾਰ ਦੀ ਰਾਤ ਨੂੰ ਸੈਂਟਰਲ ਗੁਰਦੁਆਰਾ, ਜ਼ਰਾ ਕੋਠੀ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ। ਇਹ ਗੁਰਦੁਆਰਾ ਪੀਲੀਭੀਤ ਤੋਂ ੧੬ ਮੀਲ ਆਸਾਮ ਰੋਡ ਤੇ ਹੈ । ਪੀਲੀਭੀਤ ਤੋਂ ਜ਼ਰਾ ਕੋਠੀ ਲਈ ਬਸ ਹਰ ਅਧੇ ਘੰਟੇ ਬਾਅਦ ਮਿਲਦੀ ਹੈ ।

www.AKJ.Org

# ਦਿੱਲੀ ਵਿਖੇ ਸਾਲਾਨਾ ਕੇਂਦਰੀ ਅਖੰਡ ਕੀਰਤਨ-ਸਮਾਗਮ

**ਬੁਧਵਾਰ ਸ਼ਾਮ ੧੨ ਤੋਂ ੧੬ ਅਕਤੂਬਰ ੧੯੮੩ ਐਤਵਾਰ ਸਵੇਰ ਤਕ**

ਸਦਾ ਵਾਂਗ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਬਖ਼ਸ਼ਸ਼ ਸਦਕਾ ਗੁਰਪੁਰ ਵਾਸੀ ਪੰਥ ਰਤਨ ਭਾ: ਸਾ: ਭਾਈ ਰਣਧੀਰ ਸਿੰਘ ਜੀ ਦੇ ਕੀਰਤਨੀ ਜਥੇ ੧੨ ਅਕਤੂਬਰ ਨੂੰ ਦਿਲੀ ਪੁਜ ਰਹੇ ਹਨ । ਸਮੂਹ ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰਨ ।

| ਆਸਾ ਦੀ ਵਾਰ (ਸਵੇਰੇ ੫ ਤੋਂ ੮-੩੦ ਉਪ੍ਰੰਤ ਦੁਪਹਿਰ ਤਕ ਕੀਰਤਨ) | ਸੋਦਰ ਤੇ ਕੀਰਤਨ (ਸ਼ਾਮ ੭ ਤੋਂ ੯) |
|---|---|
| ੧੨ ਅਕਤੂਬਰ — — — | ਗੁਰੂ ਤੇਗ ਬਹਾਦਰ ਹਾ: ਸੈ: ਸਕੂਲ, ਦੇਵ ਨਗਰ |
| ੧੩ ਅਕਤੂਬਰ ਗੁਰਦੁਆਰਾ ਸੀਸ ਗੰਜ ਸਾਹਿਬ | ਸ੍ਰੀ ਗੁਰੂ ਸਿੰਘ ਸਭਾ, ਕਰੋਲ ਬਾਗ |
| ੧੪ ਅਕਤੂਬਰ ਗੁਰਦੁਆਰਾ ਬੰਗਲਾ ਸਾਹਿਦ | ਗੁਰਦੁਆਰਾ ਬੰਗਲਾ ਸਾਹਿਬ |
| ੧੫ ਅਕਤੂਬਰ ਗੁਰਦੁਆਰਾ ਬੰਗਲਾ ਸਾਹਿਬ | ਰੈਣ ਸਬਾਈ ੭ ਵਜੇ ਸ਼ਾਮ ਅਰੰਭ ਗੁ: ਰਕਾਬ ਗੰਜ ਸਾਹਿਬ |
| ਅੰਮ੍ਰਿਤ-ਸਿੰਚਾਰ : ੧੫ ਅਕਤੂਬਰ ਦਿਨੇ ਦੋ ਵਜੇ ਗੁ:ਰਕਾਬਗੰਜ ਸਾਹਿਬ | (੧੬ ਅਕਤੂਬਰ ਸਵੇਰੇ ੬ ਵਜੇ ਸਮਾਪਤੀ) |

ਨਿਵਾਸ ਅਸਥਾਨ—ਗੁਰੂ ਤੇਗ ਬਹਾਦੁਰ ਖਾਲਸਾ ਹਾਇਰ ਸੈਕੰਡਰੀ ਸਕੂਲ, ਦੇਵ ਨਗਰ, ਕਰੋਲ ਬਾਗ, ਨਵੀਂ ਦਿੱਲੀ

ਪੁਛ ਗਿੱਛ:੭/੭੧-ਏ.ਮੋਤੀ ਨਗਰ,ਨਵੀਂ ਦਿੱਲੀ, ਫੋਨ ੫੩੯੫੧੨ ਦਾਸਰੇ—ਅਖੰਡ ਕੀਰਤਨੀ ਜਥਾ, ਦਿੱਲੀ

## ਫ਼ੀਰੋਜ਼ਪੁਰ ਸ਼ਹਿਰ ਵਿਖੇ ਸ੍ਰੀ ਅਖੰਡ ਪਾਠ ਤੇ ਰੈਣ ਸਬਾਈ ਕੀਰਤਨ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰ-ਗੱਦੀ ਨਸ਼ੀਨੀ ਗੁਰਪੁਰਬ ਦੇ ਸੰਬੰਧ ਵਿਚ ਭਾ: ਬਲਵੰਤ ਸਿੰਘ ਜੀ ਖਾਲਸਾ ਦੇ ਗ੍ਰਿਹ ਕਾਂਸ਼ੀ ਨਗਰੀ ਵਿਖੇ ੧੨ ਨਵੰਬਰ ਨੂੰ ਸਵੇਰੇ ਸ੍ਰੀ ਅਖੰਡ ਪਾਠ ਦੇ ਭੋਗ ਤੋਂ ਉਪਰੰਤ ੧੨ ਵਜੇ ਦੁਪਹਿਰ ਤਕ ਕੀਰਤਨ ਹੋਣਗੇ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਮਾਲਵਾ ਖਾਲਸਾ ਹਾ: ਸੈ: ਸਕੂਲ (ਨੇੜੇ ਮਾਲਵਾ ਬਸ ਸਟੈਂਡ) ਫ਼ੀਰੋਜ਼ਪੁਰ ਸ਼ਹਿਰ ਵਿਖੇ ਹੋਵੇਗਾ । ਸੰਗਤਾਂ ਲਾਹੇ ਪ੍ਰਾਪਤ ਕਰਨ ਜੀ । ਦਾਸਰੇ—ਅਖੰਡ ਕੀਰਤਨੀ ਜਥਾ; ਫ਼ੀਰੋਜ਼ਪੁਰ

ਰਿਹਾਇਸ਼ ਤੇ ਪੁਛ ਗਿੱਛ—ਭਾਈ ਬਲਵੰਤ ਸਿੰਘ ਖਾਲਸਾ,ਖਾਲਸਾ ਨਿਵਾਸ, ਗਲੀ ਨੰ. ੨, ਕਾਂਸ਼ੀ ਨਗਰੀ, ਫ਼ਿਰੋਜ਼ਪੁਰ ਸ਼ਹਿਰ

## ਬਠਿੰਡਾ ਵਿਖੇ ਰੈਣ ਸਬਾਈ ਕੀਰਤਨ

ਅਖੰਡ ਕੀਰਤਨੀ ਜਥਾ ਬਠਿੰਡਾ ਵਲੋਂ ਗੁਰਦੁਆਰਾ ਸਾਹਿਬ ਪਾਤਸ਼ਾਹੀ ਦਸਵੀਂ ਕਿਲ੍ਹਾ ਮੁਬਾਰਕ ਬਠਿੰਡਾ ਵਿਖੇ ੨੯ ਅਕਤੂਬਰ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ । ਆਇ ਦੀਦਾਰ ਬਖਸ਼ੋ ਜੀ ।

## ਸ਼ਹੀਦਾਂ ਦੀ ਯਾਦ ਵਿਚ ਮਾਸਕ ਰੈਣ ਸਬਾਈ ਕੀਰਤਨ ਅੰਮ੍ਰਿਤਸਰ ਵਿਚ ਤਬਦੀਲੀ

ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼-ਉਤਸ਼ਵ ਗੁਰਪੁਰਬ ਦੇ ਸੰਬੰਧ ਵਿਚ ੨੨ ਅਕਤੂਬਰ ਰਾਤ ਨੂੰ ਗੁ: ਮੰਜੀ ਸਾਹਿਬ ਹਾਲ ਵਿਖੇ ਕੀਰਤਨ-ਦਰਬਾਰ ਹੋ ਰਹੇ ਹਨ, ਇਸ ਲਈ ਸ਼ਹੀਦਾਂ ਦੀ ਯਾਦਵਿਚ ਰੈਣ ਸਬਾਈ ਕੀਰਤਨ ੨੧ ਅਕਤੂਬਰ ਸ਼ੁਕਰਵਾਰ ਰਾਤ ਨੂੰ ਮੰਜੀ ਸਾਹਿਬ ਦੀਵਾਨ ਹਾਲ ਸ੍ਰੀ ਅੰਮਿਤਸਰ ਵਿਖੇ ਹੋਣਗੇ । ਸੰਗਤਾਂ ਨੋਟ ਕਰ ਲੈਣ ।

## ਅੰਬਾਲਾ ਸ਼ਹਿਰ ਵਿਖੇ ਰੈਣ ਸਬਾਈ ਕੀਰਤਨ

ਭਾਈ ਅੰਮ੍ਰਿਤਪਾਲ ਸਿੰਘ ਤੇ ਦਵਿੰਦਰ ਕੌਰ ਜੀ ਖਾਲਸਾ ਬੇਨਤੀ ਕਰਦੇ ਹਨ ਕਿ ੯੮ ਪ੍ਰੀਤ ਨਗਰ ਨੇੜੇ ਪੁਲਿਸ ਲਾਈਨ ਅੰਬਾਲਾ ਸ਼ਹਿਰ ਵਿਖੇ ੨੨ ਅਕਤੂਬਰ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ । ਆਇ ਦੀਦਾਰ ਬਖਸ਼ੋ ਜੀ ।

## ਨਾਰੰਗਵਾਲ (ਲੁਧਿਆਣਾ) ਵਿਖੇ ਰੈਣ ਸਬਾਈ ਕੀਰਤਨ

ਭਾਈ ਨਰੈਣ ਸਿੰਘ ਜੀ ਬੇਨਤੀ ਕਰਦੇ ਹਨ ਕਿ ਗੁਰਦੁਆਰਾ ਅਕਾਲੀ ਨਾਰੰਗਵਾਲ ਵਿਖੇ ਡਾ: ਬਸੰਤ ਸਿੰਘ ਜੀ ਦੀ ਮਿਠੀ ਯਾਦ ਵਿਚ ੫ ਨਵੰਬਰ ਸ਼ਨੀਵਾਰ ਰਾਤ ਨੂੰ ਰੈਣ ਸਬਾਂਈ ਕੀਰਤਨ ਹੋ ਰਹੇ ਹਨ । ਆਇ ਜੁੜੋ ਜੀ ।

**ਸੂਰਾ ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ**

www.AKJ.Org